ੴ ਵਾਹਿਗੁਰੂ ਜੀ ਕੀ ਫਤਹ

ਮਾਸਕ ਪੱਤਰ

# ਸਿੰਘ ਸਭਾ ਪਤ੍ਰਿਕਾ

ਜੁਲਾਈ ੧੯੭੭

ਸਵਾ ਰੁਪਿਆ



**ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

ਜਿਨ੍ਹਾਂ ਨੇ ਆਪਣੀ ਸਾਰੀ ਆਯੂ ਨਾਮ-ਰੰਗਾਂ ਤੇ ਕੀਰਤਨ ਤਰੰਗਾਂ ਵਿਚ ਅਰੂੜ ਹੋਕੇ ਜਿਹਲ ਦੀਆਂ ਕਾਲ ਕੋਠੜੀਆਂ ਅਤੇ ਗੁਰਮਤਿ ਸਮਾਗਮਾਂ ਵਿਚ ਹੀ ਨਿਰਮਾਣ ਤੇ ਨਿਸ਼ਕਾਮ ਪੰਥ ਸੇਵਕ ਬਣ ਕੇ ਬਿਤਾਈ, ਇਸੇ ਕਰਕੇ ਆਪ ਜੀ ਨੂੰ ਖਾਲਸਾ ਪੰਥ ਵਿਚ 'ਸੋਨੇ ਦੀ ਚਿੜੀ' ਕਹਿ ਕੇ ਸਨਮਾਨਿਆ ਗਿਆ। ਭਾਈ ਸਾਹਿਬ ਜੀ ਦਾ ਸੌਵਾਂ ਜਨਮ ਦਿਨ ਮਨਾਉਣ ਲਈ ਵਿਚਾਰਾਂ ਕਰਨ ਹਿਤ ਹੋਈ ਕਨਵੈਨਸ਼ਨ ਦੀ ਰਿਪੋਰਟ ਅਤੇ ਆਪ ਜੀ ਦੀਆਂ ਜੀਵਨ ਝਲਕਾਂ ਅੰਦਰ ਪੜ੍ਹੋ ਜੀ।

**ਸੰਪਾਦਕੀ ਨੋਟ**

## *ਜੀਵਨ ਝਲਕਾਂ :*

# ਭਾਈ ਸਾਹਿਬ ਰਣਧੀਰ ਸਿੰਘ ਜੀ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਚਰਿੱਤਰ ਦੇ ਕਈ ਪਹਿਲੂ ਹਨ : ਹਰ ਪਹਿਲੂ ਕਰਣੀ ਤੇ ਕਮਾਈ ਦੀ ਘਾਲਣਾ ਨਾਲ ਰੰਗਿਆ ਹੋਇਆ ਹੈ। ਉਹ ਅਦ੍ਰਿਸ਼ਟ ਦੁਨੀਆ ਦੇ ਦ੍ਰਿਸ਼ਾਂ ਨੂੰ ਮਾਨਣ ਵਾਲੇ ਮਹਾਨ ਸਾਧਕ ਸਨ। ਅਜਰ ਜਰਨ ਵਾਲੇ ਗੁਰਸਿਖ ਗੁਰਮੁਖ, ਜ਼ੋਰਦਾਰ ਸਮਾਜ ਸੁਧਾਰਕ ਅਤੇ ਜੁਝਾਰ ਕ੍ਰਾਂਤੀਕਾਰੀ ਯੋਧੇ। ਜਿਨ੍ਹਾਂ ਹਠੀਆਂ, ਤਪੀਆਂ, ਜਪੀਆਂ ਦਾ ਅਸੀਂ ਨਿੱਤ ਧਿਆਨ ਧਰਦੇ ਹਾਂ, ਇਸ ਸਦੀ ਦੇ ਅਜਿਹੇ ਮਹਾਨ ਪੁਰਖਾਂ ਉਪਰ ਧਿਆਨ ਮਾਰੀਏ ਤਾਂ ਆਪ ਜੀ ਦੀ ਹਸਤੀ ਸਭ ਤੋਂ ਪਹਿਲਾਂ ਸਾਹਮਣੇ ਆਉਂਦੀ ਹੈ। ਆਪ ਸਿਖ ਧਰਮ ਦੇ ਅਨੋਖੇ ਵਿਦਵਾਨ, ਲੇਖਕ, ਵਿਆਖਿਆਕਾਰ ਤੇ ਕਵੀ ਸਨ। ਸਾਰਾ ਸਾਰਾ ਦਿਨ ਅਤੇ ਸਾਰੀ ਸਾਰੀ ਰਾਤ ਰਸ-ਮੁਗਧ ਹੋ ਕੇ ਕੀਰਤਨ ਵਿਚ ਬਿਤਾ ਦੇਣ ਵਾਲੇ ਗੁਰਬਾਣੀ ਤੇ ਕੀਰਤਨ ਦੇ ਰਸੀਏ ਤੇ ਗੁਰੂ ਕੇ ਨਿਰਮਾਣ ਢਾਡੀ : ਅਜਿਹੇ ਗੁਣਾਂ, ਕਰਮਾਂ ਅਤੇ ਹੋਰ ਸਿਫਤਾਂ ਦੇ ਚੌਖਟੇ ਵਿਚ, ਉਨ੍ਹਾਂ ਦਾ ਸਮੁੱਚੇ ਤੌਰ ਤੇ ਜੋ ਸਰੂਪ ਸਾਖਿਆਤ ਹੁੰਦਾ ਹੈ, ਉਸ ਦੇ ਪ੍ਰਚੰਡ ਪ੍ਰਭਾਵ ਤੇਜਮਈ ਅਤੇ ਚਿਰੰਜੀਵ ਹਨ। ਉਨ੍ਹਾਂ ਦੇ ਜੀਵਨ ਕਣੀਆਂ ਦੀਆਂ ਪ੍ਰੇਰਨਾ ਭਰੀਆਂ ਕਿਰਨਾਂ ਦਾ ਪ੍ਰਭਾਵ ਸਮਕਾਲੀ ਸਮਾਜ ਉਤੇ ਤਾਂ ਪਿਆ ਹੀ, ਸਗੋਂ ਉਨ੍ਹਾਂ ਗੁਣਾਂ ਦੀ ਨੂਰੀ ਰੌਸ਼ਨੀ ਭਵਿਖ ਦੇ ਵਿਅਕਤੀਆਂ ਨੂੰ ਪ੍ਰਭਾਵਤ ਕਰਨ ਦੀ ਸਮਰਥਾ ਰਖਦੀ ਹੈ।

ਇੰਞ ਭਾਈ ਸਾਹਿਬ ਜੀ ਦੇ ਜੀਵਨ ਦਾ ਮੁਤਾਲਿਆ ਕਈ ਪੱਖਾਂ ਤੋਂ ਸਿਖਿਆਦਾਇਕ, ਮਨੋਰੰਜਕ ਅਤੇ ਪ੍ਰੇਰਨਾ ਦੇਣ ਵਾਲਾ ਹੈ, ਕਈ ਪਹਿਲੂਆਂ ਤੋਂ ਰਹੱਸਮਈ ਵੀ। ਇਕ ਦ੍ਰਿਸ਼ਟੀ ਨਾਲ ਦੇਖਿਆਂ ਪੰਥ ਵਿਚ ਭਾਈ ਸਾਹਿਬ ਜੀ ਦੀ ਹਸਤੀ ਏਸ ਸਦੀ ਦੀ ਅਨੋਖੀ ਤੇ ਇਕੱਲੀ ਹੈ, ਜਿਸ ਦੇ ਬਹੁ ਭਾਂਤੀ ਗੁਣਾਂ ਦੀ ਜ਼ਮਾਨੇ ਉਪਰ ਗਹਿਰੀ ਛਾਪ ਲਗੀ ਤੇ ਸਿੱਖ ਸਮਾਜ ਉਪਰ ਵਰਨਣ ਯੋਗ ਪ੍ਰਭਾਵ ਪਏ। ਉਨ੍ਹਾਂ ਦੇ ਸਹਿਮੇਲੀਆਂ ਦਾ; ਬਾਵਜੂਦ ਕਰੜੀ ਮਰਯਾਦਾ ਵਾਲੇ ਜੀਵਨ-ਉਦੇਸ਼ਾਂ ਵਾਲੀ ਧਾਰਨਾਂ ਦੇ, ਇਕ 'ਦਲ' ਬਣ ਗਿਆ ਹੈ ਜਿਸ ਵਿਚ ਬਿਨਾਂ ਕਿਸੇ ਭਾਂਤ ਦੀ ਸੰਸਾਰਕ ਪ੍ਰਾਪਤੀਆਂ ਦੀ ਅੰਸ਼ ਦੇ ਹਜ਼ਾਰਾਂ ਪ੍ਰਾਣੀ, ਆਪ ਜੀ ਜਿਹਾ ਆਦਰਸ਼ਕ ਜੀਵਨ ਜੀਉਣ ਦੇ ਚਾਉ ਨਾਲ ਖਿੱਚੇ ਆ ਰਹੇ ਹਨ। ਆਤਮਕ ਮੰਡਲਾਂ ਦੀਆਂ ਪ੍ਰਾਪਤੀਆਂ, ਕੀਰਤਨ ਤੇ ਨਾਮ ਦੇ ਰਸ ਲਈ ਤਾਂਘਾਂ ਤਾਂਘਦੇ ਆਦਰਸ਼ਕ ਜੀਵਨ ਬਿਤਾਉਣ ਦੀ ਜਗਿਆਸਾ ਵਾਲੇ ਅਨੇਕਾਂ ਆਤਮ-ਰਸੀਏ 'ਸ਼ਬਦ ਦੀਪਕ' ਦੀ ਜੋਤੀ ਉਦਾਲੇ ਪਤੰਗਿਆਂ ਵਾਂਗ ਮੰਡਲਾਉਣ ਲਈ ਤਤਪਰ ਰਹਿੰਦੇ ਹਨ। ਕੀਰਤਨ ਮੰਡਲਾਂ ਵਿਚ ਪਪੀਹਿਆਂ ਵਾਂਗ ਨਾਮ ਦੀ ਸਵਾਂਤੀ ਬੂੰਦ ਲਈ 'ਬਿਲਲ ਬਿਲੰਤਿਆਂ' ਦੇ ਰੂਪ ਬਣੇ ਦ੍ਰਿਸ਼ਟਮਾਨ ਹੁੰਦੇ ਹਨ ਅਤੇ ਇਉਂ ਪੁਕਾਰ ਉਠਦੇ ਹਨ :

ਹਮ ਹੋਵਹ ਲਾਲੇ ਗੋਲੇ ਗੁਰਸਿਖਾਂ ਕੇ,<br>
ਜਿਨ੍ਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥ ੧ ॥...<br>
ਮੇਰੇ ਪ੍ਰਾਨ ਸਖਾ ਗੁਰ ਕੇ ਸਿਖ ਭਾਈ,<br>
ਮੋਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ ॥ ੧ ॥ ਰਹਾਉ ॥

ਭਾਈ ਸਾਹਿਬ ਜੀ ਦੇ ਜੀਵਨ ਗੁਣਾਂ ਵਿਚੋਂ ਤਿਆਗ ਤੇ ਵੈਰਾਗ ਮੁਖ ਹਨ, ਜਿਨ੍ਹਾਂ ਦਾ ਉਹਨਾਂ ਦੀ ਕਰਣੀ ਕਮਾਈ ਕਾਰਨ ਸਭ ਤੋਂ ਵਧ ਪ੍ਰਭਾਵ ਉਜਾਗਰ ਹੋਇਆ। ਆਤਮ-ਰਸ ਲਈ ਜਾਗੇ 'ਵੈਰਾਗ' ਕਾਰਨ ਆਪ ਜੀ ਨੇ ਸੰਸਾਰਕ ਸੁਖਾਂ ਨੂੰ ਲੱਤ ਮਾਰੀ, ਉਸ ਹਾਲਤ ਵਿਚ ਸੁਖਾਂ ਦੇ ਤਿਆਗੀ ਬਣੇ ਜਦੋਂ ਉਨ੍ਹਾਂ ਦੇ ਬੂਹੇ ਉਤੇ ਸੰਸਾਰਕ ਸੁਖਾਂ ਵਾਲੀ ਹਾਕਮੀ ਦੀਆਂ ਪੇਸ਼ਕਾਰੀਆਂ ਦੀ ਆਮਦੋ-ਰਫ਼ਤ ਲੱਗੀ ਹੋਈ ਸੀ। ਅਹੁਦਿਆਂ ਦੀ ਦਸਤਕ ਮੁੜ ਮੁੜ ਬੂਹੇ ਵੱਜਦੀ ਰਹੀ। ਉਨ੍ਹਾਂ ਦੇ ਹਿਰਦੇ ਵਿਚ 'ਨਾਮ ਕਸਤੂਰੀ' ਦੀ ਖਿੜੀ ਸੁਗੰਧੀ ਦੀ ਮਹਿਕ ਨੇ ਉਨ੍ਹਾਂ ਨੂੰ ਅੰਦਰੋਂ ਵੀ ਸਰਸ਼ਾਰ ਕੀਤਾ, ਆਸ ਪਾਸ ਵੀ ਛਹਿਬਰਾਂ ਲਾ ਦਿਤੀਆਂ। ਉਹ ਸੱਚੇ ਅਰਥਾਂ ਵਿਚ ਨਿਰਮਾਣ ਸਨ, ਛੋਟੇ ਛੋਟੇ ਵਿਅਕਤੀਆਂ ਨੂੰ ਜਿਨ੍ਹਾਂ ਵਿਚ ਮੈਂ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ (ਜਦੋਂ ਮੇਰੇ ਦਾਹੜੀ ਵੀ ਨਹੀਂ ਸੀ ਆਈ ਤੇ ਉਹ ਬਜ਼ੁਰਗੀ ਤੇ ਪ੍ਰਸਿਧੀ ਦੀ ਸਿਖਰ ਉਤੇ ਸਨ, ਆਪਣੇ ਲਿਖੇ ਪੱਤਰਾਂ ਵਿਚ 'ਪਿਆਰੇ ਵੀਰ ਜੀ' ਦੇ ਮਿਠੇ ਸੰਬੋਧਨੀ ਸ਼ਬਦਾਂ ਰਾਹੀਂ ਨਿਵਾਜਦੇ ਸਨ) ਤੇ ਹੇਠ ਲਿਖਿਆ ਹੁੰਦਾ ਸੀ 'ਦਾਸ ਜਾਂ ਦਾਸਰਾ'।

ਉਨ੍ਹਾਂ ਕੋਈ ਚੇਲਾ ਨਹੀਂ ਬਣਾਇਆ, ਕੋਈ ਉਤਰਾਧਿਕਾਰੀ ਨਹੀਂ ਥਾਪਿਆ। ਆਪਣੇ ਆਸ ਪਾਸ ਦੇ ਵਾਯੂ-ਮੰਡਲ ਵਿਚ 'ਚੁੱਪ-ਪ੍ਰੀਤ' ਦੇ ਧਾਗੇ ਨਾਲ ਪ੍ਰੇਮੀਆਂ ਦੀ ਮਿੱਤ੍ਰ-ਮਾਲਾ ਪਰੋ ਰੱਖੀ ਸੀ। ਮਿੱਤ੍ਰਤਾ ਦੇ ਮੈਤ੍ਰੀ ਭਾਵ ਦੀਆਂ ਪ੍ਰੇਮ ਤੰਦਾਂ ਨਾਲ ਉਹ ਪ੍ਰੇਮੀਜਨਾਂ ਨੂੰ ਖਿਚਦੇ ਰਹੇ। ਮਿੱਤ੍ਰਤਾ ਦਾ ਦਰਜਾ ਗੁਰਸਿਖੀ ਨੇ ਸਭ ਤੋਂ ਉੱਚਾ ਦਸਿਆ ਹੈ। ਗੁਰੂ ਸਾਹਿਬਾਨ ਨੇ ਪ੍ਰਭੂ ਨੂੰ ਭੀ 'ਮਿੱਤ੍ਰ' ਸ਼ਬਦ ਨਾਲ ਯਾਦ ਕੀਤਾ ਹੈ, ਆਪਣੇ ਸੰਗੀਆਂ ਸਾਥੀਆਂ ਨੂੰ ਵੀ। ਮਿਤ੍ਰਤਾ ਦੋ-ਪਾਸੀਂ ਆਕਰਸ਼ਣ ਤੋਂ ਉਪਜਦੀ ਹੈ, ਜਦੋਂ ਕਿ ਹੋਰ ਰਿਸ਼ਤੇ ਕਈ ਵਾਰ ਇਕਲਾਪੇ ਰਹਿ ਜਾਂਦੇ ਹਨ। ਭਾਈ ਸਾਹਿਬ ਸਭਨੀ ਥਾਈਂ ਸਭਨਾਂ ਨਾਲ ਮਿੱਤ੍ਰਤਾ ਭਾਵ ਨਾਲ ਵਰਤੇ। ਮਿਤ੍ਰਤਾ ਦਾ ਮੈਤ੍ਰੀ ਭਾਵ ਦੂਜੇ ਵਿਚ ਭਗਤੀ ਤੇ ਸ਼ਰਧਾ ਦੀ ਦਿਲੀ ਸਾਂਝ ਜਗਾਉਂਦਾ ਹੈ। ਏਸੇ ਦੋ-ਪਾਸੀ ਮਿੱਤ੍ਰ-ਭਾਵਨਾ ਵਾਲੇ ਪਿਆਰ ਉਦਗਾਰ ਤੋਂ ਹੀ ਉਨ੍ਹਾਂ ਦੇ ਪ੍ਰੇਮੀ ਸਾਤਵਿਕ ਸਨੇਹ ਅਤੇ ਸਵੱਛ ਭਾਵਨਾ ਵਾਲੇ ਬਣੇ, ਜੋ ਜਾਨਾਂ ਹੂਲਣ ਤੱਕ ਦੇ ਮੋਰਚਿਆਂ ਵਿਚ ਸਾਥ ਦਿੰਦੇ ਰਹੇ। ਏਸੇ ਮਿਤ੍ਰ-ਭਾਵੀ ਸਾਂਝ ਦੇ ਛੋਟੇ ਤੇ ਵਡੇ ਦਰਜੇ ਦੇ ਹਾਕਮ ਲੋਕਾਂ ਉਪਰ ਜੋ ਪ੍ਰਭਾਵ ਪਏ ਅਤੇ ਉਨ੍ਹਾਂ ਲੋਕਾਂ ਨੇ ਜਿਵੇਂ ਉਹ ਪ੍ਰਗਟਾਏ ਹਨ, ਉਨ੍ਹਾਂ ਗੱਲਾਂ ਦੀ ਚਰਚਾ ਕਰਨਾ ਹੀ ਆਪਣੇ ਅੰਦਰਲੇ ਨੂੰ ਇਕ ਅਗੰਮੀ ਸੁਆਦ ਨਾਲ ਭਰਨਾ ਹੈ। ਪਰ ਇਸ ਸੁਆਦ ਦੇ ਮਾਨਣ ਦੀ ਏਥੇ ਗੁੰਜਾਇਸ਼ ਨਹੀਂ।

ਆਪ ਜੀ ਨੇ ਆਤਮਿਕ ਸੁਖ ਦੀ ਜਿਵੇਂ ਪ੍ਰਾਪਤੀ ਕੀਤੀ, ਗੁਰਬਾਣੀ ਉਪਰ ਜਿਵੇਂ ਵਿਸ਼ਵਾਸ ਬਝਿਆ ਤੇ ਉਸ ਬੱਝੇ ਹੋਏ ਵਿਸ਼ਵਾਸ ਨੂੰ ਦ੍ਰਿੜ੍ਹਤਾ ਨਾਲ ਨਿੱਤ ਪੀਡਾ ਕਰਦੇ ਹੋਏ ਸਿੱਖੀ ਮੰਡਲ ਵਿਚ ਪ੍ਰਵੇਸ਼ ਹੋਏ, ਇਹ ਇਕ ਇਤਿਹਾਸ ਦਾ ਕਾਂਡ ਹੈ। ਗੁਰ ਸ਼ਬਦ ਦੀ ਪ੍ਰਕਾਸ਼-ਜੋਤੀ ਦੇ ਦਰਸ਼ਨਾਂ ਲਈ ਜੋ ਘਾਲਾਂ ਘਾਲੀਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਪ੍ਰਤੱਖ 'ਜੋਤ ਵਿਕਾਸੀ' ਝਲਕਾਰੇ ਦੇਖੇ, ਫਿਰ ਨੂਰੋ ਨੂਰ ਹੋ ਕੇ, ਅੰਤ ਤਕ ਰਸ ਭਰਪੂਰ ਜੀਵਨ ਜੀਵਿਆ; ਇਹ ਚੀਜ਼ਾਂ ਉਨ੍ਹਾਂ ਦੇ ਅਜ਼ਲੀ ਦੁਨੀਆ ਦੇ ਨਿਵਾਜੇ ਹੋਣ ਦੀ ਥਾਹੁ ਦਿੰਦੀਆਂ ਹਨ। ਉਨ੍ਹਾਂ ਦੇ ਨਿਜੀ ਤਜਰਬਿਆਂ ਦੇ ਵਰਨਣ, ਅਸਚਰਜਤਾ ਦੇ ਅਸਰ ਪਾਉਂਦੇ ਹਨ। ਸਹਿਜ ਸੁਭਾਈ ਉਪਜੀਆਂ ਕਈ ਚਮਤਕਾਰੀ ਘਟਨਾਵਾਂ ਜਿਵੇਂ ਵਰਤੀਆਂ, ਉਨ੍ਹਾਂ ਨੂੰ ਅੱਖੀਂ ਦੇਖਣ ਤੇ ਹੱਡੀਂ ਵਰਤੀਣ ਵਾਲੇ ਗਵਾਹਾਂ ਨੇ ਜੋ ਕੁਝ ਦਸਿਆ ਹੈ ਉਹ ਉਨ੍ਹਾਂ ਨੂੰ ਇਕ ਵੱਖਰੀ ਤੇ ਉਚੇਰੀ ਦੁਨੀਆ ਦੇ ਵਾਸੀ ਹੋਣ ਦੀ ਸੂਹ ਦਿੰਦੀ ਹੈ। ਜੇਲ੍ਹਾਂ ਦੇ ਅਸਚਰਜ ਬ੍ਰਿਤਾਂਤ ਬਾਰੇ ਵੀ ਕਈ ਸਜਣ ਸਾਥੀ ਅਜਨਬੀ ਗਾਥਾਵਾਂ ਦਸਦੇ ਹਨ, ਸਮੁੱਚੀ ਝਾਤੀ ਮਾਰਿਆਂ 'ਏਕ ਮੂਰਤਿ ਅਨੇਕ ਦਰਸ਼ਨਾਂ ਦੀ ਝਲਕ ਦਿਸ ਆਉਂਦੀ ਹੈ। ਵਾਧੇ ਦੀ ਗੱਲ ਇਹ ਕਿ ਉਨ੍ਹਾਂ ਜੋ ਕੁਝ ਪਾਇਆ ਉਹ ਖੁਲ੍ਹ ਕੇ ਵਰਤਾਇਆ, ਪਰ ਕਿਸੇ ਨੂੰ ਕੁਝ ਜਣਾਇਆ ਨਹੀਂ। ਕਿਸੇ ਉਤੇ ਸ਼ਖਸੀਅਤ ਦਾ ਭਾਰ ਨਹੀਂ ਪਾਇਆ। ਆਪਣੀ ਪ੍ਰਾਪਤੀ ਨੂੰ ਨਿਜੀ ਚੀਜ਼ ਵੀ ਨਹੀਂ ਸਮਝਿਆ। ਗੁਰੂ ਦੀ ਦਾਤ ਸਮਝ ਕੇ ਗੁਰੂ ਕੇ ਸਿੱਖਾਂ ਰਾਹੀਂ ਉਹ ਰਸ ਸਮੱਗਰੀ ਸਾਂਝੀ 'ਸਗਲ ਜਹਾਨੇ' ਵਰਤੀ। ਅਨੇਕਾਂ ਦੇ ਅੰਮ੍ਰਿਤ ਸਿੰਚਾਰ ਰਾਹੀਂ ਜੀਵਨ ਪਲਟੇ, ਅਨੇਕਾਂ ਦੇ ਕੀਰਤਨ ਮੰਡਲਾਂ ਰਾਹੀਂ ਕਾਲੇ ਸਫੇ ਪਰਤੇ। ਅਰਦਾਸ ਤੇ ਸੰਗਤ

ਰਾਹੀਂ ਬਖਸ਼ਿਸ਼ਾਂ ਦੇ ਭੰਡਾਰ ਖੋਲ੍ਹੇ, ਅਜਿਹਾ ਕੁਝ ਕੀਤਾ ਤੇ ਜੋ ਹੋਇਆ ਸੋ ਪ੍ਰਤੱਖ ਹੈ, ਪਰ ਆਪਣੀ ਸ਼ਖਸੀ ਵਡੱਤਣ ਪੈਦਾ ਕਰਨ ਵਾਲੀ ਹਰ ਕਿਸਮ ਦੀ ਸ਼ੋਹਰਤ ਤੋਂ ਆਪਣੇ ਆਪ ਨੂੰ—'ਜਿਉ ਕੰਵਲ ਰਹੈ ਵਿਚਿ ਪਾਣੀ ਹੇ' ਵਾਂਗ ਨਿਰਲੇਪ ਰਖਿਆ। ਆਪ ਜੀ ਦੀ ਜ਼ਿੰਦਗੀ ਦੀਆਂ ਅਨੇਕ ਘਟਨਾਵਾਂ ਅਜਿਹੀਆਂ ਹਨ ਜੋ ਆਤਮਿਕ-ਤਸੀਆਂ ਲਈ ਅਗੰਮੀ ਪ੍ਰਾਪਤੀਆਂ ਦਾ ਸੁਆਦਲਾ ਸਰਵੇਖਣ ਪੇਸ਼ ਕਰਦੀਆਂ ਹਨ। ਉਨ੍ਹਾਂ ਨੇ ਟਹਿਲ ਕਰਕੇ ਮਹਿਲ ਪਾਇਆ, ਘਾਲਣਾਂ ਘਾਲ ਕੇ ਮੇਹਰ ਪਾਈ ਤੇ ਫਿਰ ਪ੍ਰਭੂ ਦੀ ਰਜ਼ਾ ਵਿਚ ਤਦ-ਰੂਪ ਹੋਏ ਰਹੇ। ਪ੍ਰਭੂ ਦੇ ਗੁਣ ਗਾਉਂਦੇ ਰਹੇ ਤੇ ਗੁਣ ਗਾਉਂਦੇ ਚਲੇ ਗਏ :

> ਧੰਨੁ ਧੰਨੁ ਸੋ ਗੁਰਸਿਖੁ ਕਹੀਐ
> ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥
> ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
> ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥ (ਪੰਨਾ ੫੯੩)

( ੩ )

ਭਾਈ ਸਾਹਿਬ ਰਣਧੀਰ ਸਿੰਘ ਜੀ ਕਈ ਉਨ੍ਹਾਂ ਲਾਸਾਨੀ ਸਿਫਤਾਂ ਦੇ ਸੋਮੇ ਸਨ, ਜੋ ਵਰਤਮਾਨ ਕਾਲ ਦੇ ਕਿਸੇ ਵਿਰਲੇ ਦੇ ਹਿਸੇ ਹੀ ਆਈਆਂ ਹੋਣਗੀਆਂ। ਇਨ੍ਹਾਂ ਸਿਫਤਾਂ ਵਿਚੋਂ ਬਹੁਤੀਆਂ ਉਨ੍ਹਾਂ ਦੀ ਆਪਣੀ ਘਾਲ ਕਮਾਈ ਕਰਕੇ ਪ੍ਰਗਟ ਹੋਈਆਂ, ਜਿਨ੍ਹਾਂ ਦੀ ਨਿਗਾਹ ਵਿਚ, 'ਗੁਰਮਤਿ ਨਾਮ ਅਭਿਆਸ', ਪ੍ਰਮੁੱਖ ਕਮਾਈ ਸੀ। ਕਠਨ ਘਾਲਣਾਂ ਤੇ ਦ੍ਰਿੜ੍ਹਤਾ ਨਾਲ ਜੀਵਨ ਦੇ ਜਿੰਨੇ ਪਹਿਲੂ ਉਨ੍ਹਾਂ ਨੇ ਹੋਰ ਉਘਾੜੇ ਤੇ ਜਿਨ੍ਹਾਂ ਰੰਗਾਂ ਵਿਚ ਜੀਵਨ ਬਿਤਾਇਆ, ਉਨ੍ਹਾਂ ਵਿਚੋਂ ਇਕ ਤੋਂ ਦੂਜਾ ਵਧੇਰੇ ਕਠਨ ਮਾਰਗੀ ਹੈ। ਪਰ ਉਨ੍ਹਾਂ ਔਖੀਆਂ ਘਾਟੀਆਂ ਪਾਰ ਕੀਤੀਆਂ ਤੇ ਉੱਚੀਆਂ ਚੋਟੀਆ ਸਰ ਕੀਤੀਆਂ। ਇਕ ਸਾਧਕ ਦੇ ਤੌਰ ਤੇ ਹੀ ਦੇਖੋ—ਜਿਸ ਵਿਸ਼ੇ ਦੀ ਅਸੀਂ ਚਰਚਾ ਕਰ ਰਹੇ ਹਾਂ—ਉਨ੍ਹਾਂ ਦੀ ਆਤਮਕ ਸਾਧਨਾ ਇਕ ਗੁਰਸਿਖ ਦੀ ਸਾਧਨਾ ਸੀ। ਗੁਰਸਿਖ ਦੀ ਸਾਧਨਾ ਅਤੇ ਹੋਰ ਸਾਧਕਾਂ ਦੀ ਸਾਧਨਾ ਵਿਚ ਕਈ ਭੇਦ ਹਨ। ਵੱਡਾ ਭੇਦ ਹੈ ਆਪਣੇ ਸ਼ਖਸੀ ਪ੍ਰਭਾਵ ਨੂੰ ਦਬਾ ਕੇ ਰੱਖਣ ਦਾ, ਗੁਰ ਕੇ ਭਾਣੇ ਵਿਚ ਚਲਣ ਦਾ ਬਲ,ਆਪਾ ਨਾ ਜਣਾਉਣ ਵਾਲੇ ਆਚਾਰ, ਵਿਹਾਰ ਵਿਚ ਨਿਰਮਾਣਤਾ ਦੀ ਹਰ ਸਿੱਖ ਲਈ ਪੈਰ ਪੈਰ ਤੇ ਵਰਤੋਂ ਜ਼ਰੂਰੀ ਹੈ। ਅਜਰ ਜਰਨਾ, ਦੇਖ ਕੇ ਅਣਡਿੱਠ ਕਰਨ ਦੇ ਗੁਣ ਹੋਰਨਾਂ ਕਿਸਮਾਂ ਦੇ ਸਾਧਕਾਂ ਨਾਲੋਂ 'ਸਿੱਖ-ਸਾਧਕ' ਦੇ ਇਖਲਾਕ ਨੂੰ ਵੱਖਰਾ ਕਰਦੇ ਹਨ। ਗੁਰਸਿਖ ਸਾਧਕ, ਮੈਂ ਹੀ ਬ੍ਰਹਮ ਹਾਂ (ਅਹੰ ਬ੍ਰਹਮ ਅਸਮੀ) ਦੇ ਦਮਗਜੇ ਨਹੀਂ ਮਾਰਦਾ। ਅਜਿਹੀ ਅਵਸਥਾ ਦੇ ਸੂਫੀਆਂ ਉਪਰ ਤਾਰੀ ਹੋਣ ਦੀਆਂ ਜੋ ਵੀ ਗਾਥਾਂ ਮਿਲਦੀਆਂ ਹਨ ਓਦੋਂ ਉਹ 'ਅਨਲਹੱਕ' (ਮੈਂ ਹੀ ਸੱਚ ਹਾਂ) ਦਾ ਬੋਲਾ ਬੋਲਦੇ ਹਨ। ਗੁਰਸਿਖੀ ਮਾਰਗ ਵਿਚ 'ਜਿਨਿ ਹਰਿ ਪਾਇਓ ਤਿਨਹਿ ਛਪਾਇਓ' ਦੀ ਪਧਤੀ ਸਾਧਕਾਂ ਲਈ ਨਿਰਧਾਰਤ ਹੈ। ਇਹ 'ਗੱਲ ਨਾ ਬਾਹਰ ਨਿਕਲੇ' ਵਾਲੀ ਔਖੀ ਗੱਲ ਹੈ। ਅਤਿ ਔਖੀ ! ਜਿਸ ਵਿਚ ਗੂੰਗੇ ਜਿਹੀ ਮੁਸਕਰਾਹਟ ਨਾਲ ਹੀ ਕੰਮ ਚਲਦਾ ਹੈ।

ਭਾਈ ਸਾਹਿਬ ਜੀ ਨੇ ਜਿੰਨੀ ਆਤਮਕ ਘਾਲਣਾ ਘਾਲੀ ਉਹ ਇਕ ਗੁਰਸਿਖ ਦੇ ਰੂਪ ਵਿਚ, ਜੋ ਪ੍ਰਾਪਤੀ ਕੀਤੀ ਉਹ ਗੁਰਮਤਿ ਮਾਰਗ ਦੇ ਪੰਧਾਊ ਬਣ ਕੇ। ਆਪ ਜੀ ਦੀ ਜੀਵਨ ਜੁਗਤ ਇਕ 'ਗੁਰਮੁਖ' ਗੁਰਸਿਖ ਵਾਲੀ ਸੀ। ਉਨ੍ਹਾਂ ਗੁਰਮੁਖ ਸਿੱਖ ਦੇ ਲੱਛਣ ਸਮਝੇ, ਧਾਰਨ ਕੀਤੇ ਤੇ ਮੰਜ਼ਲਾਂ ਤਹਿ ਕੀਤੀਆਂ। ਫਿਰ ਸਹਿਜ ਸੁਭਾਵੀ ਇਕ ਆਦਰਸ਼ਕ ਗੁਰਮੁਖ ਵਾਲਾ ਅਡੋਲ ਜੀਵਨ ਜੀਵਿਆ। ਗੁਰਸਿਖੀ ਸਰੂਪ ਦੇ ਪ੍ਰਮਾਣੀਕ ਪ੍ਰਥਾ ਦੇ ਧਾਰਨੀ ਹੋ ਕੇ ਇਤਿਹਾਸ ਤੇ ਪਰੰਪਰਾ ਦੇ ਦਰਸਾਏ ਗੁਰਮਤਿ ਗਾਡੀ ਰਾਹ ਉਤੇ ਉਹ ਚਲੇ ਅਤੇ ਵੱਧ ਤੋਂ ਵੱਧ ਖਾਲਸਾ ਪੰਥ ਦੀ ਮਾਣ ਮਰਯਾਦਾ ਦੇ ਘੇਰੇ ਵਿਚ ਆਪਣੇ ਆਪ ਨੂੰ ਰਖਿਆ ਤੇ ਪੰਥਕ ਹੁਕਮ ਦੀ ਪਾਲਣਾ ਕੀਤੀ। ਜਿੰਨਾ ਚਿਰ ਅੰਦਰਲੀ ਟੇਕ ਨਰੋਈ, ਡੂੰਘੀ ਤੇ ਦ੍ਰਿੜ੍ਹ ਨਾ ਹੋਵੇ, ਜਿਸ ਅੰਦਰ ਕੁਝ ਕਰਨ ਦੀ ਸ਼ਕਤੀ ਤੇ ਇਸ ਗੱਲ ਦੀ ਪ੍ਰਸਿੱਧੀ ਹੀ ਹੋਵੇ, ਅਜਿਹਾ ਕਰ

ਸਕਣਾ ਉਸ ਲਈ ਸੰਭਵ ਨਹੀਂ ਰਹਿ ਜਾਂਦਾ। ਸੈਂ ਅਲਾਮਤਾਂ ਆ ਚਿੰਬੜਦੀਆਂ ਹਨ। ਧਾਗੇ ਤਵੀਤਾਂ ਵਾਲੇ ਹੀ ਮੱਕੜੀ ਵਾਂਗ ਤਾਣੇ ਤਣ ਦਿੰਦੇ ਹਨ। ਥੋੜੀ ਜਿਹੀ ਪ੍ਰਾਪਤੀ ਵਾਲਿਆਂ ਦੇ ਚਮਤਕਾਰਾਂ ਦੇ ਹਰ ਜ਼ਮਾਨੇ ਵਿਚ ਜਿਵੇਂ ਧੂਣੇ ਧੁਖਦੇ ਅਤੇ ਸਾਈਂ ਬਾਬਿਆਂ ਜਿਹਿਆਂ ਦੇ ਸ਼ਰਧਾਲੂ ਤੇ ਚੇਲੇ ਖੰਭਾਂ ਦੀਆਂ ਡਾਰਾਂ ਬਣਾ ਉਡਾਉਂਦੇ ਹਨ, ਸਿਖੀ ਵਿਚ ਅਜਿਹੇ ਦੰਭ ਕਰਨਾ ਤੇ ਮੰਨਣਾ ਵਿਵਰਜਤ ਹੈ।

ਭਾਈ ਸਾਹਿਬ ਜੀ ਕੇਵਲ ਸਾਧਕ ਹੀ ਨਹੀਂ ਸਨ, ਉਹ ਸਾਧਕਾਂ ਦੇ ਪਾਰਖੂ ਵੀ ਸਨ ਅਤੇ ਸਾਧਕ ਬਨਾਉਣ ਵਾਲੇ ਵੀ। ਹੋਰ ਗੱਲਾਂ ਛੱਡਦੇ ਹੋਏ, ਉਨ੍ਹਾਂ ਦੀਆਂ 'ਜੇਲ੍ਹ ਚਿੱਠੀਆਂ' ਪੜ੍ਹੀਏ ਤਾਂ ਪਤਾ ਚਲਦਾ ਹੈ ਕਿ ਕਿਵੇਂ ਉਨ੍ਹਾਂ ਦੀ 'ਛੋਹ' ਤੇ ਸੰਗਤ ਦੇ ਪ੍ਰਭਾਵ ਨਾਲ ਸਾਥੀ ਕੈਦੀਆਂ ਤੇ ਕਰਮਚਾਰੀਆਂ ਵਿਚੋਂ ਕਈ ਸਾਧਕ ਬਣੇ! ਖੂਬੀ ਇਹ ਸੀ ਕਿ ਉਨ੍ਹਾਂ ਆਪਣੇ ਆਪ ਨੂੰ ਗੁਰਸਿਖੀ ਦਾ ਜੀਵਨ ਜੀਉਣ ਦੇ ਧਰੁਵੇਂ ਨਾਲ ਬੰਨ੍ਹਿਆ ਹੋਇਆ ਸੀ, ਕਿਉਂਕਿ ਉਨ੍ਹਾਂ ਨੂੰ ਤਾਮੀਜ਼ ਸੀ ਕਿ ਇਕ ਇਕੱਲੇ ਵਿਅਕਤੀ ਵਲੋਂ ਦਿਤੇ ਗਏ 'ਨਾਮ' ਦੀ ਕੁਰੀਤੀ ਕਿੰਨੀ ਕੁਲੱਛਣੀ ਹੈ, ਕਿਉਂ ਨਾ ਇਹ ਕਾਰਜ 'ਪੰਚ ਪ੍ਰਵਾਨ' ਗੁਰਮੁਖ ਕਰਨ ਅਤੇ ਵਿਚਕਾਰੋਂ ਸ਼ਖਸੀਅਤ ਪ੍ਰਸਤੀ ਦਾ ਅਭਾਵ ਹੋਵੇ।

ਭਾਈ ਸਾਹਿਬ ਜੀ ਦਾ ਜੀਵਨ ਆਮ ਕਰਕੇ ਅੰਤਰਮੁਖੀ ਰਿਹਾ। ਉਹ ਆਪਣੇ ਅੰਦਰਲੇ ਦੈਵੀ ਗੁਣਾਂ ਦੇ ਹੁਸਨ ਨੂੰ ਦੇਖ ਕੇ ਵਿਗਸਦੇ ਰਹੇ। ਕੀਰਤਨ ਵਿਚ ਉਨ੍ਹਾਂ ਦਾ ਇਕ ਪਿਆਰਾ ਸ਼ਬਦ—'ਸੇਜ ਸੁਹਾਵੀ ਇਹ ਮਨੁ ਬਿਗਸੰਦਾ ਜੀਉ'—ਵਧੇਰੇ ਹਲੂਣੇ ਦੇਣ ਵਾਲਾ ਹੁੰਦਾ ਸੀ। ਅਤਿ ਮੁਸ਼ਕਲਾਂ ਵਿਚ ਵੀ ਉਨ੍ਹਾਂ ਆਪਣੇ ਮਾਲਕ ਨੂੰ ਕੋਈ ਉਲਾਂਭਾ ਨਹੀਂ ਦਿਤਾ। ਇਸ ਪਖੋਂ ਇਹ ਗੁਣ ਇਕ ਸਾਧਕ ਦੀ ਪਕਿਆਈ ਦੀ ਸਿਖਰ ਹੈ। ਹਰ ਮੁਸੀਬਤ ਤੇ ਕਹਿਰਾਂ ਦੇ ਕਸ਼ਟਾਂ ਨੂੰ ਭਾਣਾ ਮਿੱਠਾ ਕਰਕੇ ਮੰਨਿਆ ਅਤੇ 'ਚਰਨ ਕਮਲ ਕੀ ਮਉਜ' ਵਿਚ ਆਪਣਾ ਆਪਾ ਸਮਰਪਣ ਕਰਕੇ ਮਸਤ ਰਹੇ। ਉਨ੍ਹਾਂ ਦੀ ਅੰਦਰਲੀ ਸੁਗੰਧੀ ਦਾ ਰੰਗ ਹਰ ਥਾਵੇਂ ਹਰ ਰੰਗ ਵਿਚ ਖਿੜਦਾ ਰਿਹਾ, ਪਰ ਕੀਰਤਨ ਮੰਡਲਾਂ ਵਿਚ ਖਾਸ ਤੌਰ ਤੇ ਅਮਰੀ ਕਾਂਗਾਂ ਚੜ੍ਹ ਕੇ ਆਉਂਦੀਆਂ ਸਨ, ਉਹ ਚਲੂਲੇ ਰੰਗ ਮਾਣਦੇ ਰਹੇ ਅਤੇ ਮੇਲੀਆਂ ਨਾਲ ਮਿਲ ਕੇ ਆਪਣੇ ਤੇ ਉਨ੍ਹਾਂ ਦੇ ਅੰਦਰਲੇ ਵਲਵਲਿਆਂ ਨੂੰ ਇਲਾਹੀ ਖੁਰਾਕ ਨਾਲ ਰਜਾਉਂਦੇ ਰਹੇ। ਉਨ੍ਹਾਂ ਦੀ ਟੋਰੀ ਇਹ ਜੀਵਨ ਜਾਚ ਸਾਨੂੰ ਹੁਣ ਵੀ ਪ੍ਰਭਾਵਤ ਕਰਦੀ ਹੈ। ਕੀਰਤਨ ਮੰਡਲਾਂ ਦੇ ਸੁਆਦ ਹੁਣ ਵੀ ਹੁਲਸਾਉਂਦੇ ਤੇ ਆਤਮਾ ਨੂੰ ਵਿਗਸਾਉਂਦੇ ਹਨ :

ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥
ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥

(ਵਡਹੰਸ ਮਹਲਾ ੫, ਪੰਨਾ ੫੭੭)

( ੪ )

ਭਾਈ ਸਾਹਿਬ ਜੀ ਦੇ ਜੀਵਨ ਦਾ ਇਕ ਪਹਿਲੂ ਹਠੀਆਂ ਜਪੀਆਂ ਤਪੀਆਂ ਵਾਲੇ ਅਣਖੀਲੇ ਕਾਰਨਾਮਿਆਂ ਨਾਲ ਭੂਸ਼ਤ ਹੈ। ਜਾਪਦਾ ਹੈ ਉਨ੍ਹਾਂ ਸਿਖੀ ਮੰਡਲ ਵਿਚ ਪ੍ਰਵੇਸ਼ ਕਰਨ ਵੇਲੇ ਪ੍ਰੇਮ ਦੀ ਖੇਲ ਖੇਲਣ ਲਈ ਸਿਰ ਤਲੀ ਤੇ ਧਰ ਕੇ ਪਹਿਲਾਂ ਹੀ ਜੋਖ ਲਿਆ ਸੀ। ਉਨ੍ਹਾਂ ਫਿਰ ਸੰਸਾਰਕ ਸੁਖਾਂ ਦੀ ਇਛਾ ਨਹੀਂ ਰੱਖੀ। ਸਾਰੀ ਆਯੂ ਸੰਘਰਸ਼ ਦੀ ਤਲਵਾਰ ਦੀ ਨੰਗੀ ਧਾਰ ਉਤੇ ਨਾਚ ਕੀਤਾ, ਗੁਰਮਤਿ ਅਸੂਲਾਂ ਦੀ ਪਾਲਣਾ ਤੇ ਗੋਡੀ ਕਰਦੇ ਰਹੇ। ਆਪ ਜੀ ਨੇ ਸਿੱਖੀ ਦਾ 'ਤੇਜ ਸਰੂਪ' ਤੱਕਿਆ ਤੇ ਉਹੋ ਧਾਰਨ ਕੀਤਾ ਸੀ। ਉਨ੍ਹਾਂ ਨੂੰ ਸਿਖੀ ਅਰਦਾਸ ਦੇ ਉਨ੍ਹਾਂ ਝਲਕਾਰਿਆਂ ਨੇ ਵਧੇਰੇ ਮੋਹਿਆ ਸੀ, ਜਿਨ੍ਹਾਂ ਵਿਚ ਕਸ਼ਟ ਸਹਿ ਕੇ 'ਸੀ' ਤਕ ਨਾ ਕਰਨ ਦੇ ਸ਼ਬਦ ਚਿਤ੍ਰ ਹਨ। ਸਿਖਾਂ ਦੀ ਅਰਦਾਸ ਦਾ ਇਹ ਭਾਗ ਊਧੇ ਤੋਂ ਊਧੇ ਮਨੁੱਖਾਂ ਅੰਦਰ ਭੀ ਹਲਚਲ ਪੈਦਾ ਕਰਦਾ ਹੈ। ਭਾਈ ਸਾਹਿਬ ਉਸ ਦੀ ਵਕਤੀ ਥਰਥਰਾਹਟ ਤੋਂ ਸੰਤੁਸ਼ਟ ਹੋਏ, ਉਨ੍ਹਾਂ ਅਜਿਹਾ ਆਦਰਸ਼ਕ ਜੀਵਨ ਖੁਦ ਜੀਉਣ ਦਾ ਆਪਣਾ ਲਖਸ਼ ਬਣਾ ਲਿਆ ਤੇ ਉਸੇ ਲਈ ਜੀਵਨ ਭਰ ਪੂਰਨੇ ਪਾਏ।

ਆਪ ਜੀ ਇਕ ਰੱਜੇ ਪੁੱਜੇ ਘਰਾਣੇ ਦੇ ਮਲੂਕ ਤੇ ਲਾਡਲੇ ਨੌਨਿਹਾਲ ਸਨ। ਲਾਹੌਰ ਕਾਲਜ ਵਿਚ ਪੜ੍ਹਾਈ ਵਾਸਤੇ ਓਦੋਂ ਗਿਣਤੀ ਦੇ ਘਰਾਣੇ ਹੀ ਆਪਣੇ ਪੁਤਰਾਂ ਨੂੰ ਭੇਜਦੇ ਸੀ (ਐਫ਼.ਸੀ. ਕਾਲਜ ਵਿਚ ਆਪ ਨੇ ਬੀ.ਏ. ਤਕ ਪੜ੍ਹਾਈ ਕੀਤੀ ਸੀ)। ਆਪ ਦੇ ਪਿਤਾ ਸ: ਨੱਥਾ ਸਿੰਘ ਜੀ ਨਾਭਾ ਸਟੇਟ ਦੇ ਜੱਜ ਸਨ, ਉਹ ਆਪਣੇ ਪੁੱਤਰ ਨੂੰ ਕਿਸੇ ਵੱਡੇ ਸਰਕਾਰੀ ਅਹੁਦੇ ਉਤੇ ਦੇਖਣ ਦੀ ਰੀਝ ਰਖਦੇ ਸੀ। ਪਿਤਾ ਜੀ ਦੀ ਇਸ ਇਛਾ ਦੀ ਪੂਰਤੀ ਵੀ ਵਾਹਵਾ ਹੋਈ। ਉਨ੍ਹਾਂ ਦਾ ਸਪੁਤ੍ਰ ਪਹਿਲੀ ਸੱਟੇ ਹੀ ਤਹਿਸੀਲਦਾਰ ਲੱਗ ਗਿਆ ਅਤੇ ਅਗਲੇ ਅਹੁਦਿਆਂ ਲਈ ਸਿਫਾਰਸ਼ਾਂ ਹੋਣ ਲਗ ਪਈਆਂ। ਇਹ ਸੀ ਉਨ੍ਹਾਂ ਦੀ ਜ਼ਿੰਦਗੀ ਦਾ ਸੁਖਾਵਾਂ ਪਹਿਲੂ, ਜਿਸ ਰਾਹੀਂ ਉਹ ਕਰਾਂਤੀਕਾਰੀ ਸੰਘਰਸ਼ ਵਿਚ ਭਲੇ ਹੀ ਨਾ ਉਤਰਦੇ, ਪਰ ਆਤਮਕ ਕਮਾਈ ਤਾਂ ਕਰ ਹੀ ਸਕਦੇ ਸਨ, ਜਿਵੇਂ ਉਨ੍ਹਾਂ ਦੇ ਕਈਆਂ ਹੋਰ ਸਾਥੀਆਂ ਨੇ ਕੀਤੀ। ਪਰ ਉਹ ਤਾਂ ਅਜ਼ਾਦ ਜੀਵਨ ਜੀਉਣ ਦਾ ਚਾਉ ਰੱਖਦੇ ਸੀ। ਕਿਸੇ ਨੂੰ ਕੀ ਪਤਾ ਸੀ ਕਿ ਇਕ ਵੱਡੇ ਹਾਕਮ ਦਾ ਪੁਤਰ ਅਤੇ ਖ਼ੁਦ ਹਾਕਮੀ ਕਰਨ ਵਾਲਾ ਪੜ੍ਹਿਆ ਲਿਖਿਆ ਗਭਰੂ, ਇਕ ਦਿਨ ਸਾਥੀਆਂ ਸਮੇਤ ਹਥਕੜੀਆਂ ਤੇ ਪੈਰੀਂ ਬੇੜੀਆਂ "ਤੇਰਾ ਭਾਣਾ ਮੀਠਾ ਲਾਗੈ" ਦਾ ਗਾਉਣ ਸੁਣਦਾ, ਭਾਰਤ ਭਰ ਦੀਆਂ ਔਖੀਆਂ ਜੇਲ੍ਹਾਂ ਦੇ ਕੰਡਿਆਲੇ ਤਸੀਹੇ ਭੋਗਦਾ ਹੋਇਆ ਕਈ ਜੇਲ੍ਹਾਂ ਦੇ ਦਰਵਾਜ਼ੇ ਪਾਰ ਕਰੇਗਾ ਤੇ ਕਈ ਕਾਲ ਕੋਠੜੀਆਂ ਦਾ ਵਾਸੀ ਬਣੇਗਾ। ਉਨ੍ਹਾਂ ਨੇ ਆਪਣੀ ਉਮਰ ਦਾ ਸੁਨਹਿਰੀ ਭਾਗ ਬੰਦੀਵਾਨ ਦੇ ਰੂਪ ਵਿਚ ਬਿਤਾਇਆ। ਜੇ ਆਦਰਸ਼ ਸਾਹਮਣੇ ਹੋਵੇ ਤਾਂ ਸੋਹਲ ਤੇ ਨਾਜ਼ਕ ਮਾਹੌਲ ਵਿਚ ਪਲਿਆ ਮਨੁੱਖ ਕਿੰਨੇ ਜ਼ਬਰਦਸਤ ਢੰਗ ਨਾਲ ਸਥਿਲ ਹੋਈ ਸੁਸਾਇਟੀ ਨੂੰ ਕਿਹੋ ਜਿਹੇ ਹਲੂਣੇ ਦੇ ਸਕਦਾ ਹੈ। ਆਪ ਦੇ ਜੀਵਨ ਦਾ ਇਕ ਪੱਖ ਇਹ ਵੀ ਹੈ ਕਿ ਆਪ ਜੀ ਦੇ ਜੇਲ੍ਹ ਦੇ ਕਸ਼ਟਾਂ ਦੀਆਂ ਕਹਾਣੀਆਂ ਪੜ੍ਹ ਕੇ ਕਈ ਲੀਡਰਾਂ ਨੇ ਅਕਾਲੀ ਲਹਿਰ ਵੇਲੇ ਭਖਦੀ ਪ੍ਰੇਰਨਾ ਲਈ ਤੇ ਸੰਗਰਾਮੀਆਂ ਵਾਲਾ ਜੀਵਨ ਮਾਰਗ ਚੁਣਿਆ। ਇਸ ਪੱਖੋਂ ਵੀ ਉਨ੍ਹਾਂ ਦਾ ਜੀਵਨ ਅਨੋਖੇ ਅਰਥ ਰਖਦਾ ਹੈ।

ਪਹਿਲਾਂ ਤਾਂ ਅਜਿਹੇ ਸਰਕਾਰਪ੍ਰਸਤ ਘਰਾਣੇ ਵਿਚੋਂ ਇਸ ਭਾਂਤ ਦੀ ਫਰੰਗੀ-ਵਿਰੋਧੀ ਬਗਾਵਤ ਦੀ ਮਿਸ਼ਾਲ ਲੈ ਕੇ ਨਿਕਲਣਾ ਹੀ ਇਕ ਕਰਾਂਤੀ ਸੀ। ਫਿਰ ਜੋ ਕੁਝ ਕਰਨਾ ਮਾਂਡਿਆ ਤੇ ਕਰਨ ਲਈ ਅਮਲੀ ਫਰਜ਼ ਨਿਭਾਏ, ਫਲ-ਸਰੂਪ ੧੬ ਸਾਲ ਜੇਲ੍ਹਾਂ ਵਿਚ ਜਿਸ ਭਾਂਤ ਦੇ ਅਸਹਿ ਕਸ਼ਟ ਭੋਗੇ, ਇਸ ਪਿਛੇ ਉਹਨਾਂ ਦੇ ਚੁਣੇ ਹੋਏ ਸਿਖੀ ਮਾਰਗ ਦੇ ਮੰਤਵਾਂ ਵਾਲਾ ਉਚਾ ਆਦਰਸ਼ ਪੇਸ਼ ਕਰਨਾ ਹੋਰ ਸ਼ਾਨਦਾਰ ਕਰਤੱਵ ਦਿੱਸਦਾ ਹੈ, ਜਿਸ ਨਾਲ ਅਵੇਸਲੀ ਹੋਈ ਕੌਮੀ ਜ਼ਮੀਰ ਜਾਗੀ ਤੇ ਜ਼ੁਲਮ ਨਾਲ ਟੱਕਰ ਲੈ ਕੇ ਸ਼ਹੀਦੀਆਂ ਪਾਉਣ ਵਾਲਾ ਖੂਨ ਮੁੜ ਖਾਲਸਾ ਜੀ ਦੀਆਂ ਰਗਾਂ ਵਿਚ ਖੌਲਣ ਲੱਗਾ। ਨਹੀਂ ਤਾਂ ਸਭਨਾਂ ਨੂੰ ਪਤਾ ਹੀ ਹੈ ਪਹਿਲਾਂ ਇਨ੍ਹਾਂ 'ਕਰਾਂਤੀਕਾਰੀ' ਸਿਖਾਂ ਨੂੰ ਅਕਾਲ ਤਖਤ ਤੋਂ ਪੁਜਾਰੀਆਂ ਨੇ ਇਕ' ਹੁਕਮਨਾਮਾ' ਕੱਢ ਕੇ ਸਿੱਖੀ ਮੰਡਲ ਵਿਚੋਂ ਹੀ ਖਾਰਜ ਕਰ ਦਿਤਾ ਸੀ। ਜ਼ਮਾਨਾ ਅੱਜ ਜਿਹਾ ਨਹੀਂ ਸੀ, ਜਿਸ ਵਿਚ ਰਾਜਸੀ ਕੈਦੀਆਂ ਨੂੰ ਜਵਾਈਆਂ ਵਾਂਗ ਰਖਿਆ ਜਾਂਦਾ ਹੈ, ਮਨਚਾਹੀਆਂ ਸਹੂਲਤਾਂ ਦਿਤੀਆਂ ਜਾਂਦੀਆਂ ਹਨ। ਉਸ ਸਮੇਂ ਦੀਆਂ ਜੇਲ੍ਹਾਂ ਨਰਕ ਦਾ ਰੂਪ ਸਨ ਤੇ ਕੈਦੀ, ਖਾਸ ਕਰ ਸਰਕਾਰ ਵਿਰੋਧੀ ਕੈਦੀਆਂ ਨਾਲ, ਅਤਿਅੰਤ ਹੀ ਘਟੀਆ ਸਲੂਕ ਕੀਤਾ ਜਾਂਦਾ ਸੀ। ਅਜਿਹੀ ਦਸ਼ਾ ਵਿਚ ਉਹ ਜਿਸ ਤਰ੍ਹਾਂ ਆਪਣੀ ਧਾਰਨ ਕੀਤੀ ਮਰਯਾਦਾ ਨੂੰ ਨਿਭਾਉਣ ਵਿਚ ਪੂਰੇ ਉਤਰੇ, ਇਹ ਉਨ੍ਹਾਂ ਦੀ, ਕੇਵਲ ਉਨ੍ਹਾਂ ਦੀ ਹੀ ਦ੍ਰਿੜ੍ਹਤਾ ਸੀ, ਜਿਸ ਦਾ ਸਤਿਕਾਰ ਪੰਥ ਖਾਲਸਾ ਜੀ ਨੇ ਉਚੇਚੇ ਐਲਾਨ ਕੱਢ ਕੇ ਅਤੇ ਆਪ ਜੀ ਨਾਲ ਅਰਦਾਸ ਰਾਹੀਂ ਸਮੂਹਿਕ ਸਾਂਝਾਂ ਜੋੜ ਕੇ ਕੀਤਾ।

## ( ੫ )

ਦੇਸ਼ ਭਗਤੀ ਕੁਝ ਲੋਕਾਂ ਦੀ ਨਿਗਾਹ ਵਿਚ ਬੜਾ ਵੱਡਾ ਗੁਣ ਹੈ। ਇਕ ਹੱਦ ਤੱਕ ਇਹ ਠੀਕ ਵੀ ਹੈ। ਇਸ ਪੱਖੋਂ ਭਾਈ ਸਾਹਿਬ ਜੀ ਦੀ ਘਾਲਣਾ ਕਿਸੇ ਤੋਂ ਘੱਟ ਨਹੀਂ। ਪਰ ਭਾਈ ਸਾਹਿਬ ਜੀ 'ਦੇਸ ਭਗਤ' ਕਹਾਉਣਾ ਪਸੰਦ ਨਹੀਂ ਕਰਦੇ ਸਨ। ਉਨ੍ਹਾਂ ਦੀ ਨਿਗਾਹ ਵਿਚ 'ਦੇਸ਼ ਭਗਤੀ' ਛੋਟਾ ਆਦਰਸ਼ ਹੈ। ਆਪ ਜੀ ਦਾ ਦ੍ਰਿੜ੍ਹ ਮੱਤ ਸੀ ਕਿ 'ਭਗਤੀ' ਕੇਵਲ ਗੁਰੂ ਅਕਾਲ ਪੁਰਖ ਦੀ ਕੀਤੀ ਜਾ ਸਕਦੀ ਹੈ ਤੇ ਸੇਵਾ ਲਈ ਸਿਖ ਸਰਬਤ ਦਾ ਭਲਾ ਲੋਚਦਾ ਹੈ,

ਨਾ ਕਿ ਇਕ ਵਿਸ਼ੇਸ਼ ਦੇਸ਼ ਤੇ ਮਹਿਜ਼ ਦੇਸ਼ ਦੇ ਵਾਸੀਆਂ ਦਾ ? ਹਾਂ ਦੇਸ਼ ਤੇ ਕੌਮ ਦੇ ਸੰਕਟ ਦੂਰ ਕਰਨ ਲਈ ਆਪਣੇ ਫਰਜ਼ ਨਿਭਾਉਣੇ ਤੇ ਗੁਲਾਮੀ ਵਿਰੁਧ ਜੂਝਣਾ ਤੇ ਕੁਰਬਾਨੀਆਂ ਦੇਣੀਆਂ ਹਰ ਦੇਸ਼-ਵਾਸੀ ਦਾ ਫਰਜ਼ ਹੈ। ਇਹ ਫਰਜ਼ ਉਹਨਾਂ ਮੌਤ ਦੀ ਜੀਭ ਨੂੰ ਹੱਥ ਲਾ ਕੇ ਵੀ ਪੂਰਾ ਕੀਤਾ। ਕਈ ਕਈ ਦਿਨ ਆਪਣੀ ਦੇਹ ਮੌਤ ਦੇ ਬੂਹੇ ਅੱਗੇ ਸੁੱਟ ਛੱਡੀ। ਭਾਈ ਸਾਹਿਬ ਜੀ ਦੇਸ ਦੀ ਗੁਲਾਮੀ ਦੇ ਸੰਗਲ ਤੋੜਨ ਵਾਲੇ ਇਕ ਕ੍ਰਾਂਤੀਕਾਰੀ ਸੰਗਰਾਮੀਏ ਸਨ। ਆਪ ਉਸ ਸਮੇਂ 'ਮੁਕਤੀ ਦੂਤ' ਦੇ ਰੂਪ ਵਿਚ ਕਸ਼ਟਾਂ ਨਾਲ ਕਲੋਲਾਂ ਕਰਨ ਲਈ ਮੈਦਾਨ ਵਿਚ ਉਤਰੇ, ਜਦੋਂ ਕਿਸੇ ਦਾ ਜ਼ਬਾਨ ਵਿਚੋਂ ਸਰਕਾਰ ਵਿਰੁਧ ਇਕ ਬੋਲ ਕੱਢਣਾ ਵੀ ਮਹਾਂ ਪਾਪ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਦੇਸਦੀ ਗੁਲਾਮੀ ਦੂਰ ਕਰਨ ਲਈ ਜੋ ਕੀਤਾ ਉਹ 'ਸ਼੍ਰੋਮਣੀ ਦੇਸ਼ ਭਗਤ' ਕਹਾਉਣ ਵਾਲਿਆਂ ਵਿਚੋਂ ਵੀ ਵਿਰਲਿਆਂ ਦੇ ਹਿਸੇ ਆਇਆ ਹੋਵੇਗਾ। ਉਸ ਅੰਧਕਾਰ ਦੇ ਸਮੇਂ ਇਕ ਧਾਰਮਕ ਤੇ ਪ੍ਰਭਾਵਸ਼ੀਲ ਹਸਤੀ ਦਾ ਅਗੇ ਆਉਣਾ, ਜਿਵੇਂ ਜੱਜਾਂ ਨੇ ਫੈਸਲੇ ਵਿਚ ਲਿਖਿਆ ਹੈ—ਇਕ ਵਡਾ ਹਾਦਸਾ ਸੀ, ਜਿਸ ਕਾਰਨ ਧਾਰਮਕ ਖੇਤਰ ਦੇ ਲੋਕਾਂ ਨੂੰ ਵਿਦਰੋਹ ਦੀ ਇਕ ਨਵੀਂ ਪ੍ਰੇਰਨਾ ਮਿਲੀ। ਉਨ੍ਹਾਂ ਅੰਗਰੇਜ਼ੀ ਰਾਜ ਵਿਰੁਧ ਯੁਗ ਪਲਟਾਊਵਿਦਰੋਹ ਦੀ ਸਿਰਜਨਾ ਵਿਚ ਜਿਵੇਂ ਤੇ ਜਿਤਨਾ ਹਿੱਸਾ ਪਾਇਆ, ਅਜ ਅਸੀਂ ਨਾ ਉਹ ਦੇਖ ਸਕਦੇ ਹਾਂ ਨਾ ਉਸ ਦਾ ਮੁਲਾਂਕਣ ਕਰ ਸਕਦੇ ਹਾਂ। ਉਨ੍ਹਾਂ ਦਾ ਵਿਦਰੋਹ ਕੁਝ ਠੰਢੇ ਮਿੱਠੇ ਭਾਸ਼ਣਾਂ ਅਤੇ ਸੱਤਿਆਗ੍ਰਹੀ ਢੰਗ ਦੇ ਭਿੰਨੇ ਭਿੰਨੇ ਸ਼ਾਂਤਮਈ ਰੋਸ ਵਾਲਾ ਨਹੀਂ ਸੀ, 'ਕੁਝ ਕਰੋ ਤੇ ਮਰੋ' ਦੀ ਨੀਤੀ ਵਾਲਾ ਸੀ, ਜਿਸ ਵਿਚ ਕਰ ਗੁਜ਼ਰਨ ਨਾਲੋਂ ਮਰਨਾ ਵਧੇਰੇ ਪ੍ਰਤੱਖ ਦਿਸਦਾ ਸ਼ੀ। ਇਸ ਵਿਦਰੋਹ ਵਿਚ ਆਪ ਜੀ ਦੀ ਸ਼ਮੂਲੀਅਤ ਨੇ ਉਦੋਂ ਅਤੇ ਪਿਛੋਂ ਚਲੀ ਲਹਿਰ ਵਿਚ ਅਨੇਕਾਂ ਧਰਮੀ ਲੋਕਾਂ ਨੂੰ ਪ੍ਰੇਰਨਾ ਤੇ ਬਲ ਦਿਤਾ। ਗੁ: ਰਕਾਬ ਗੰਜ ਦੀ ਕੰਧ ਦਾ ਸਾਕਾ ਉਨ੍ਹਾਂ ਦੀ ਕੁਰਬਾਨੀ ਦੀ ਭੂਮਿਕਾ ਸਦਾ ਉਘਾੜਦਾ ਰਹੇਗਾ। ਆਪ ਜੀ ਅੰਦਰ ਅੰਗਰੇਜ਼ੀ ਰਾਜ ਦੀ ਗੁਲਾਮੀ ਤੇ ਭਾਰਤੀਆਂ ਬਾਰੇ ਫਰੰਗੀਆਂ ਦੀਆਂ ਜ਼ਲੀਲਕੁਨ ਹਰਕਤਾਂ ਦੇ ਵਿਰੁਧ ਧੁਖ ਰਹੀ ਜਵਾਲਾ ਉਤੇ ਉਦੋਂ ਅਚਾਨਕ ਤੇਲ ਆ ਪਿਆ ਜਦੋਂ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੀ ਗਈ। ਬਣ ਰਹੀ ਪਾਰਲੀਮੈਂਟ ਦਾ ਚੌਗਿਰਦਾ ਫਰੰਗੀ ਸਰਕਾਰ ਨੇ ਨਵੀਂ ਵਿਉਂਤ ਸਿਰ ਸਾਫ ਤੇ ਪੱਧਰਾ ਕਰਨ ਲਈ ਇਹ ਕੁਝ ਕੀਤਾ ਸੀ। ਪਰ ਇਹ ਚਿੰਗਾੜੀ ਐਸੀ ਧੁਖੀ ਕਿ ਫ਼ਰੰਗੀ ਸਲਤਨਤ ਨੂੰ ਹੀ ਸਾਫ ਤੇ ਪਧਰੀ ਕਰ ਗਈ। ਇੰਝ ਕੰਧ ਢਾਹੁਣੀ ਵੀ ਇਕ ਧੱਕਾ ਤੇ ਧਾਰਮਕ ਸਥਾਨ ਦੀ ਬੇਪਤੀ ਕਰਨਾ ਸੀ, ਪਰ ਭਾਈ ਸਾਹਿਬ ਇਸ ਘਟਨਾ ਨੂੰ ਕੰਧ ਢ ਹੁਣ ਤੱਕ ਸੀਮਤ ਨਹੀਂ ਸਮਝਦੇ ਸਨ ਉਨ੍ਹਾਂ ਇਸ ਵਾਕੇ ਨੂੰ ਸਿੱਖਾਂ ਦੀ ਅਣਖ ਦਾ 'ਮੂੰਹ ਚਿੜਾਉਣ ਵਾਲੀ ਛੇੜ' ਅਨੁਭਵ ਕੀਤਾ ਤੇ ਜੋਸ਼ ਨਾਲ ਵਿਰੋਧ ਕੀਤਾ। ਇਕ ਸ਼ਹੀਦੀ ਜਥੇ ਦੀ ਸਿਰਜਣਾ ਕੀਤੀ। ਉਸ ਵੇਲੇ ਇਹ ਧੁਖਦੀ ਅੱਗ ਭਾਂਬੜ ਬਣ ਮਚੀ, ਜਦੋਂ ਬੱਜ ਬੱਜ ਘਾਟ ਉਪਰ ਪੁੱਜੇ ਕਾਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ। ਏਸ ਜ਼ੁਲਮੀ ਸਾਕੇ ਵਿਚੋਂ ਜੋ ਸੱਜਣ ਬਚ ਕੇ ਭਾਰਤ ਪੁੱਜੇ ਉਨ੍ਹਾਂ ਵਿਚ ਬਹੁਤੇ ਪੰਜਾਬੀ ਸਨ ਤੇ ਥੋੜ੍ਹੇ ਜਿਹੇ ਬੰਗਾਲੀ। ਪਰ ਬੰਗਾਲੀਆਂ ਦੀ ਪੁਸ਼ਤ ਪਨਾਹ ਤੇ ਸਰਗਰਮੀਆਂ ਦਾ ਕੇਂਦਰ ਵੀ ਪੰਜਾਬ ਹੀ ਸੀ। ਅਜਿਹੇ ਗੁਪਤਵਾਸੀ ਲੋਕਾਂ ਨੂੰ ਪਨਾਹ ਦੇਣ ਦੀ ਸੇਵਾ ਸਭ ਤੋਂ ਵਧ ਆਪ ਜੀ ਦੇ ਜਥੇ ਦੇ ਹਿਸੇ ਆਈ। ਨਾਮ ਜਪਣ ਲਈ ਬਣਾਏ ਗਏ ਕੱਚੇ ਪੱਕੇ ਭੋਰੇ ਕ੍ਰਾਂਤਕਾਰੀਆਂ ਲਈ ਵਿਸ਼ਰਾਮ ਗ੍ਰਿਹ ਬਣਾ ਦਿਤੇ ਗਏ, ਬੰਬਾਂ ਦੀਆਂ ਵਰਕਸ਼ਾਪਾਂ ਤੇ ਬਰੂਦਖਾਨੇ ਵੀ। ਜਲ ਪਾਣੀ ਲਈ ਅੰਗ ਸੰਗ ਰਖੇ ਜਾਂਦੇ ਗੜਵਿਆਂ ਵਿਚ ਬੰਬਾਂ ਦਾ ਵਾਸਾ ਹੋਣ ਲਗ ਪਿਆ। ਕੀਰਤਨ-ਸਮਾਗਮਾਂ ਪਿਛੋਂ ਮੀਟਿੰਗਾਂ ਵਿਚ ਸੰਗਰਾਮ ਦੀਆਂ ਤਿਆਰੀਆਂ ਤੇ ਤਦਬੀਰਾਂ ਸੋਚੀਆਂ ਜਾਣ ਲਗ ਪਈਆਂ।

ਅੰਤ ਨੂੰ ਸਾਰੇ ਕ੍ਰਾਂਤੀਕਾਰੀਆਂ ਮਿਲ ਕੇ ਇਕ ਦਿਨ ਮਿਥਿਆ, ਜਿਸ ਦਿਨ ਵੱਖੋ ਵੱਖਰੀਆਂ ਛਾਉਣੀਆਂ ਵਿਚ ਭਾਰਤੀ ਫੌਜਾਂ ਤੋਂ ਬਗ਼ਾਵਤ ਕਰਾ ਕੇ ਵਿਦੇਸ਼ੀ ਰਾਜ ਪਲਟ ਦੇਣ ਦੀ ਸਕੀਮ ਸਿਰੇ ਚੜ੍ਹਾਉਣੀ ਸੀ। ਵੱਖੋ ਵੱਖਰੇ ਥਾਵਾਂ ਨੂੰ ਵਿਉਂਤਾਂ ਅਨੁਸਾਰ ਗੁਪਤ ਦਲ ਚੜ੍ਹ ਪਏ। ਇਸ ਬਗ਼ਾਵਤ ਦੇ ਭੁਜਦੇ ਭੱਠ ਵਿਚ ਆਪਣੇ ਆਪ ਨੂੰ ਤੇ ਨਾਲ ਹੀ ਆਪਣੇ ਸਾਥੀਆਂ ਦੀਆਂ ਜਿੰਦੜੀਆਂ ਦਾ ਝੋਕਾ ਦੇਣ ਲਈ, ਸੱਠ ਸੱਤਰ ਸਾਥੀਆਂ ਦੇ ਇਸ 'ਨਿਰਾਲੇ ਕੀਰਤਨੀ' ਜਥੇ ਨੇ ਫੀਰੋਜ਼ਪੁਰ ਛਾਉਣੀ ਉਤੇ ਕਬਜ਼ਾ ਕਰਨ ਲਈ ਧਾਵਾ ਬੋਲਣਾ ਸੀ ਕਿ ਇਸ ਤੋਂ ਕੁਝ ਸਮਾਂ ਪਹਿਲਾਂ ਇਸ ਵਿਦਰੋਹੀ

ਰਚਨਾ ਦੇ ਇਕ ਮੁਖਬਰ ਕ੍ਰਿਪਾਲ ਸਿੰਘ ਨੇ ਭੇਦ ਖੋਲ੍ਹ ਦਿਤਾ, ਜਿਸ ਕਾਰਨ ਗੋਰਾਸ਼ਾਹੀ ਸਰਕਾਰ ਚੁਕੰਨੀ ਹੋ ਗਈ। ਦੇਸੀ ਫੌਜਾਂ ਦੇ ਹਥਿਆਰ ਰਖਾ ਕੇ ਆਪਣੀ ਫੌਜ ਦੇ ਹੱਥ ਸਾਰੀਆਂ ਛਾਉਣੀਆਂ ਦਾ ਪ੍ਰਬੰਧ ਸੰਭਾਲ ਲਿਆ। ਭਾਵੇਂ ਰਾਜ-ਪਲਟੇ ਦੀ ਵਿਉਂਤ ਸਿਰੇ ਨਾ ਚੜ੍ਹ ਸਕੀ, ਪਰ ਇਹ ਘਟਨਾ ਕੋਈ ਮਾਮੂਲੀ ਨਹੀਂ ਸੀ, ਫਰੰਗੀ ਸਰਕਾਰ ਨੂੰ ਅੰਦਰੋਂ ਹਿਲਾ ਦੇਣ ਵਾਲੀ ਸੀ। ਪੜਤਾਲਾਂ ਤੇ ਖੋਜਾਂ ਦਾ ਦੌਰ ਚੱਲਿਆ। ਇਹ ਕੁਝ ਕਿਵੇਂ ਤੇ ਕਿਸ ਤਰ੍ਹਾਂ ਹੋਇਆ ? ਪੁਛਿਆ ਤੇ ਪੜਤਾਲਿਆ ਜਾਣ ਲੱਗਾ। ਕਈ ਮਾਫੀਆਂ ਤੇ ਮੁਰੱਬੇ ਲੈਣ ਵਾਲੇ ਏਸ 'ਸੇਵਾ' ਲਈ ਨਿੱਤਰ ਪਏ। ਕੁਝ ਵਾਹਦਾ-ਮੁਆਫ ਗਵਾਹ ਬਣੇ, ਸਰਕਾਰ-ਪ੍ਰਸਤਾਂ ਨੇ ਸੂਹਾਂ ਕੱਢ ਕੱਢ ਕੇ ਸਰਕਾਰ ਵਿਰੋਧੀ ਮਨਸੂਬਿਆਂ ਦੀਆਂ ਕਹਾਣੀਆਂ ਘੜੀਆਂ ਤੇ ਸੱਚੀਆਂ ਝੂਠੀਆਂ ਲਾਈਆਂ ਜਦੋਂ ਪੂਰੀ ਤਰ੍ਹਾਂ ਪਤਾ ਲੱਗ ਗਿਆ ਕਿ ਫੀਰੋਜ਼ਪੁਰ ਉਤੇ ਧਾਵਾ ਕਰਨ ਵਾਲੇ ਜਥੇ ਦਾ ਮੁਖੀ ਭਾਈ ਰਣਧੀਰ ਸਿੰਘ ਸੀ, ਆਪ ਨੂੰ ਨਾਭੇ ਨਜ਼ਰਬੰਦ ਕਰ ਕੇ ਫੜ ਲਿਆ। ਨਾਲ ਹੀ ਉਨ੍ਹਾਂ ਦੇ ਸਾਥੀ, ਕੀਰਤਨੀ ਜਥੇ ਦੇ ਹੋਰ ਵੈਰਾਗੀ ਜੋਗੀ ਵੀ ਇਕ ਇਕ ਕਰਕੇ ਵਖੋ ਵੱਖਰੀਆਂ ਥਾਵਾਂ ਤੋਂ ਚੁਣ ਲਏ। ਕਰਤਾਰ ਸਿੰਘ ਸਰਾਭਾ, ਜੋ ਏਸ ਸਾਰੀ ਮੁਹਿੰਮ ਦਾ ਮੁਖੀ ਸੀ, ਉਹ ਤੇ ਹੋਰਨਾਂ ਨੂੰ ਵੀ ਜਕੜ ਲਿਆ ਗਿਆ।

ਸਾਜ਼ਸ਼ ਨੰਬਰ ੨ ਕੇਸ ਵਿਚ ਆਪ ਜੀ ਅਤੇ ਆਪ ਦੇ ਸਾਥੀ ਬਗ਼ਾਵਤ ਦੇ ਦੋਸ਼ੀ ਗਰਦਾਨ ਕੇ ਧਰ ਲਏ। ਕੁਝ ਕੁ ਨੂੰ ਫਾਂਸੀ, ਕਈਆਂ ਨੂੰ ਉਮਰ ਕੈਦ ਤੇ ਜ਼ਮੀਨ ਜਾਇਦਾਦ ਜ਼ਬਤੀਆਂ ਦੀਆਂ ਕਰੜੀਆਂ ਸਜ਼ਾਵਾਂ ਦਿੱਤੀਆਂ ਗਈਆਂ। ਭਾਈ ਸਾਹਿਬ ਜੀ ਨੂੰ ਉਮਰ ਕੈਦੀ ਬਣਾ ਕੇ ਸਖਤ ਪਹਿਰਿਆਂ ਹੇਠਾਂ ਜੇਲ੍ਹ ਦੇ ਪਿੰਜਰੇ ਵਿਚ ਡਕ ਦਿੱਤਾ ਤੇ ਸਜ਼ਾ ਕਾਲੇ ਪਾਣੀ ਦੀ ਦਿੱਤੀ ਗਈ, ਪਰ ਉਨ੍ਹਾਂ ਨੇ ਇਨ੍ਹਾਂ ਬਾਗੀਆਂ ਨੂੰ ਲੈਣ ਤੋਂ ਨਾਂਹ ਕਰ ਦਿੱਤੀ ਫਿਰ ਵਖੋ ਵੱਖਰੀਆਂ ਜੇਲ੍ਹਾਂ ਵਿਚ ਜੋ ਬੀਤੀ ਅਤੇ ਜੋ ਕਸ਼ਟ ਆਪ ਜੀ ਨੇ ਆਪਣੇ ਅਸੂਲਾਂ ਦੀ ਪਾਲਣਾ ਲਈ ਸਹੇ, ਉਹ ਹਾਲਾਤ ਬੜੇ ਦੁਖਦਾਈ ਵਾਪਰੇ। ਛੋਲਿਆਂ ਦੀ ਮੁੱਠੀ ਉਤੇ ਮਹੀਨਿਆਂ-ਬਧੀ, ਜਿਵੇਂ ਗੁਜ਼ਾਰਾ ਕੀਤਾ, ਖੜੀਆਂ ਬੇੜੀਆਂ ਤੇ ਹੱਥਕੜੀਆਂ ਦੀਆਂ ਸਜ਼ਾਵਾਂ ਭੁਗਤੀਆਂ, ਭੁਖ ਹੜਤਾਲਾਂ ਦੇ ਚੱਕਰ ਚਲੇ, ਦੰਦ ਤੋੜੇ ਗਏ, ਜੇਲ੍ਹਾਂ ਦੀਆਂ ਇਹਨਾਂ ਜਬਰ ਕਹਾਣੀਆਂ ਨੂੰ ਕੋਈ ਸਾਵਾਂ ਦਿਲ ਰੱਖ ਕੇ ਪੜ੍ਹ ਨਹੀਂ ਸਕਦਾ। ਪਰ ਨਾਮ ਰਸ ਤੇ ਆਤਮਕ ਸ਼ਕਤੀ ਦੇ ਸਹਾਰੇ ਆਪ ਨੇ ਸਭ ਤਸੀਹੇ ਪੁਰਾਤਨ ਗੁਰਸਿੱਖਾਂ ਵਾਂਗ ਖਿੜੇ ਮਥੇ ਅਡੋਲ ਰਹਿੰਦਿਆਂ ਝੱਲੇ। ਆਪਣਾ ਧਰਮ ਨਾ ਹਾਰਿਆ। ਸਿਦਕ ਤੋਂ ਨ ਡੋਲੇ। ਏਸ ਘਟਨਾ ਸਮੇਂ ਸਾਰੇ ਸਿੱਖ ਸੰਸਾਰ ਵਿਚ ਹਿਲਜੁਲ ਮਚ ਗਈ। ਕਈਆਂ ਦੇ ਭਾਣੇ ਆਪ ਸਰੀਰ ਛੱਡ ਗਏ ਸਨ। ਬਾਬੂ ਤੇਜਾ ਸਿੰਘ ਜੀ ਹੁਰਾਂ ਚਲਾਣੇ ਦਾ ਅਖੰਡ ਪੇਾਠ ਵੀ ਕਰ ਦਿੱਤਾ ਸੀ ਤੇ ਖਾਲਸਾ ਪੰਥ ਨੇ ਉਚੇਚੇ ਤੌਰ ਤੇ ਅਰਦਾਸ ਦਿਵਸ ਮਨਾਇਆ। ਸਾਰੇ ਖਾਲਸਾ ਪੰਥ ਨੂੰ ਇਕ ਦਿਨ ਭੁਖ-ਵਰਤ ਰੱਖਣ ਦੀ ਅਪੀਲ ਛਾਪੀ ਗਈ, ਬਾਵਜੂਦ ਇਸ ਦੇ ਕਿ ਇਹ ਰੀਤ ਖਾਲਸਾ ਪੰਥ ਵਿਚ ਪ੍ਰਵਾਨ ਨਹੀਂ, ਪਰ ਆਪਣਾ ਰੋਸਾ ਤੇ ਪਿਆਰ ਇੰਞ ਹੀ ਪ੍ਰਗਟ ਕੀਤਾ ਗਿਆ।

( ੬ )

ਸਾਡੇ ਸਮਾਜ ਵਿਚ ਕਈ ਸਮਾਜ-ਸੁਧਾਰਕਾਂ ਦੀ ਸੇਵਾ ਨੂੰ ਬੜੀ ਵੱਡੀ ਵਡਿਆਈ ਵਾਲਾ ਥਾਂ ਦਿੱਤਾ ਜਾਂਦਾ ਹੈ।

ਸਮਾਜ ਸੁਧਾਰਕਾਂ ਵਾਲੇ ਕਰਤੱਵ ਭਾਈ ਸਾਹਿਬ ਸਾਹਮਣੇ ਕੋਈ ਮੁਖ ਆਦਰਸ਼ ਨਹੀਂ ਸਨ। ਇਨ੍ਹਾਂ ਸੁਧਾਰਵਾਦੀ ਚੀਜ਼ਾਂ ਦੀ ਗਤੀ ਉਨ੍ਹਾਂ ਦੇ ਨਿਕਟ, ਉਸ ਭਾਂਤ ਦੀ ਸੀ, ਜਿਵੇਂ ਸੂਰਜ ਚੜ੍ਹਨ ਤੋਂ ਕੰਵਲਾਂ ਦਾ ਖਿੜ ਜਾਣਾ। ਜਾਤ ਪਾਤ ਤੇ ਵਰਣ ਆਸ਼ਰਮ ਦੇ ਭੇਦ, ਇਸਤ੍ਰੀ ਦਾ ਸਮਾਜ ਵਿਚ ਤ੍ਰਿਸਕਾਰ, ਸਮਾਜਕ ਕੁਰੀਤੀਆਂ ਬ੍ਰਹਿਮਣੀ ਕਰਮ ਕਾਂਡਾਂ ਦੀ ਬਹੁਲਤਾ, ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਇਕ ਤੋਂ ਬਾਦ ਦੇਖੀਏ ਤਾਂ ਉਨ੍ਹਾਂ ਦੇ ਚੌਗਿਰਦੇ ਦੇ ਵਾਯੂ-ਮੰਡਲ ਵਿਚ ਘਟਾ ਟੋਪ ਢੰਗ ਨਾਲ ਛਾਈਆਂ ਹੋਈਆਂ ਸਨ। ਗਰੇਵਾਲਾਂ ਦੇ ਠੁਕਦਾਰ ਪਿੰਡਾਂ ਵਿਚ ਏਹ ਰਸਮਾਂ ਵਧੇਰੇ ਪ੍ਰਚਲਤ ਸਨ। ਘਗਰੇ ਤੇ ਘੁੰਘਟ ਬਿਨਾਂ ਕੋਈ ਇਸਤ੍ਰੀ ਘਰੋਂ ਬਾਹਰ ਨਹੀਂ ਨਿਕਲ ਸਕਦੀ ਸੀ। ਉਸ ਸਮੇਂ ਦੇ ਸਮਾਜ ਵਿਚ ਵਰਣ ਆਸ਼੍ਰਮ, ਜਾਤੀ ਭੇਦ, ਇਸਤ੍ਰੀ ਤ੍ਰਿਸਕਾਰ ਧਰਮ ਦੇ ਹੀ ਅਨਿਖੜਵੇਂ ਅੰਗ ਮੰਨੇ ਜਾਂਦੇ ਸਨ। ਕਿਸੇ ਨੀਵੀਂ ਜਾਤੀ

ਜਾਂ ਗੈਰ ਹਿੰਦੂ ਨਾਲ ਖਾਣ ਪੀਣ ਛਾਂ ਕੀ, ਛੋਹ ਜਾਣ ਤੋਂ ਵੀ ਬੰਦੇ ਦੀ ਸਾਰੀ ਉੱਚੀ ਕੁਲ ਦੀ ਵਡਿਆਈ ਮਿੱਟੀ ਵਿਚ ਮਿਲ ਗਈ ਸਮਝ ਲਈ ਜਾਂਦੀ ਸੀ।

ਭਾਈ ਸਾਹਿਬ ਜੀ ਦਾ ਸਿੱਖੀ ਮੰਡਲ ਵਿਚ ਪ੍ਰਵੇਸ਼ ਇਨ੍ਹਾਂ ਸਾਰੀਆਂ ਮਨੌਤਾਂ ਨੂੰ ਮਰੋੜਾ ਚਾੜ੍ਹ ਕੇ ਨਚੋੜ ਸੁਟਣ ਵਾਲਾ ਕਾਰਨਾਮਾ ਸੀ। ਇੰਞ ਜਾਪਦਾ ਹੈ, ਉਨ੍ਹਾਂ ਦੇ ਅੰਦਰ ਸਿਖੀ ਦੇ—ਨ ਜਾਤ ਹੈ ਨ ਪਾਤ ਹੈ—ਵਾਲੇ ਆਦਰਸ਼ ਦੀ ਜੋਤੀ ਪੂਰੀ ਤਰ੍ਹਾਂ ਪ੍ਰਕਾਸ਼ਵਾਨ ਹੋ ਚੁਕੀ ਸੀ। ਜੇ ਇਉਂ ਨਾ ਹੁੰਦਾ ਤਾਂ ਜਿਵੇਂ ਵਿਹਾਰ ਸੁਧਾਰ ਪੱਤਰ (ਭਸੌੜ) ਦੀ ਰਿਪੋਰਟ ਵਿਚ ਲਿਖਿਆ ਪੜ੍ਹਦੇ ਹਾਂ :

ਮੌਲਵੀ ਕਰੀਮ ਬਖਸ਼ ਤੇ ਉਸ ਦੇ ਪ੍ਰਵਾਰ ਨੂੰ ਅੰਮ੍ਰਿਤ ਛਕਾਉਣ ਲਈ ਪਾਈ ਗਈ ਪੰਥਕ ਵੰਗਾਰ ਉਨ੍ਹਾਂ ਦੇ ਕੰਨ ਨ ਸੁਣਦੇ। ਵੰਗਾਰ ਇਹ ਸੀ; 'ਖਾਲਸਾ ਧਰਮ ਅਨੁਸਾਰ ਗੁਰਸਿੱਖ ਮਾਰਗ ਦੇ ਪੰਧਾਊ ਜੋ ਅਭੇਦ ਵਰਤਣ ਦੇ ਇਛਕ ਹਨ, ਇਸ ਦਿਨ ਮੁਸਲਮਾਨਾਂ ਤੋਂ ਸਿੰਘ ਸਜਣ ਵਾਲੇ ਭਰਾਵਾਂ ਨਾਲ ਅੰਮ੍ਰਿਤ ਛਕ ਕੇ ਅਭੇਦਤਾ ਦੀਆਂ ਖਾਲਸਈ ਰਵਾਇਤਾਂ ਉਜਾਗਰ ਕਰਨ।' ਇਕ ਪ੍ਰਤਿਸ਼ਟ ਗਰੇਵਾਲ ਘਰਾਣੇ ਦੇ ਪੜ੍ਹੇ ਲਿਖੇ ਨੌਜਵਾਨ ਨੂੰ ਇਸ ਟੁੰਬ ਨੇ ਕਿਵੇਂ ਮੋਹਿਆ, ਲਿਖਿਆ ਹੈ—ਏਸ ਪੰਥਕ ਸਮਾਗਮ ਵਿਚ ਅਭੇਦ ਵਰਤਣ ਲਈ ਸ਼ਾਮਲ ਹੋਣ ਵਾਸਤੇ ਜੇਹੜੇ ਸੱਜਣ ਜਥੇ ਬਣਾ ਕੇ ਪੁਜੇ ਉਨ੍ਹਾਂ ਵਿਚ ਇਕ ਜਥਾ ਅਨੋਖੇ ਗੁਰੂ ਕੇ ਨੌਨਿਹਾਲਾਂ ਦਾ ਸੀ ਜਿਸ ਬਾਰੇ ਉਸ ਸਮਾਗਮ ਦੀ ਰਪੋਰਟ ਵਿਚ ਇਹ ਅਖਰ ਅੰਕਤ ਹਨ :

ਦੂਜਾ ਜੱਥਾ ਨਾਰੰਗਵਾਲ ਦਾ ਸੀ, ਜਿਸ ਦੇ ਜਥੇਦਾਰ ਸ: ਬਸੰਤ ਸਿੰਘ ਬੀ. ਏ. ਤਹਿਸੀਲਦਾਰ ਤੇ ਮੁਨਸ਼ੀ ਅਨੂਪ ਸਿੰਘ ਜੀ ਸਨ, ਜਿਨ੍ਹਾਂ ਦੇ ਪ੍ਰੇਮ ਮਈ ਸ਼ਬਦ ਸਰਵਨ ਤੇ ਦਰਸ਼ਨ ਕਰਨ ਵਾਲਿਆਂ ਨੂੰ ਅਨੰਦ ਮੂਰਤੀ ਬਣਾਉਂਦੇ ਸਨ (ਵਿਹਾਰ ਸੁਧਾਰ ਪੱਤਰ ਇਕ ਰਿਪੋਰਟ)। (ਯਾਦ ਰਹੇ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਨਾਮ ਬਸੰਤ ਸਿੰਘ ਸੀ।)

ਜਿਸ ਗੁਰਸਿਖ ਦਾ ਪ੍ਰਵੇਸ਼ ਹੀ ਸਿੱਖੀ ਮੰਡਲ ਵਿਚ ਉਚੇਚੇ ਸੁਧਾਰਕ ਸਮਾਗਮ ਵਿਚ ਗਜ ਵਜ ਕੇ ਹੋਇਆ, ਜਿਸ ਦੇ ਫਲ ਸਰੂਪ ਉਹਨਾਂ ਨੂੰ ਕਦੇ 'ਮੁਸਲਮਾਨ ਬਣ ਗਿਆ' ਕਹਿ ਕੇ ਪਿੰਡ ਦੇ ਲੋਕਾਂ ਨੇ ਪਾਣੀ ਛੇਕਿਆ, ਕਦੇ 'ਚੂਹੜ ਸਭੀਏ' ਆਖ ਕੇ ਅਛੂਤਾਂ ਨਾਲ ਅਭੇਦ ਵਰਤਣ ਕਾਰਨ ਅਕਾਲ ਤਖਤ ਉਤੇ ਚੜ੍ਹਨ ਤੇ ਹਰਿਮੰਦਰ ਸਾਹਿਬ ਜਾਣ ਤੋਂ ਹਟਕਿਆ ਗਿਆ, ਉਹਨਾਂ ਦੇ ਸੁਧਾਰਕ ਹੋਣ ਬਾਰੇ ਹੋਰ ਬਾਕੀ ਕੀ ਗੱਲ ਰਹਿ ਜਾਂਦੀ ਹੈ ?

ਪੰਚ ਖਾਲਸਾ ਦੀਵਾਨ ਭਸੌੜ ਦੀ ਅਰੰਭਕ ਸਮੇਂ ਦੀ ਸੇਵਾ ਅਤੇ ਪੰਥ ਵਿਚੋਂ ਕੁਰੀਤੀਆਂ ਦੇ ਸੁਧਾਰ ਲਈ ਕੀਤੇ ਕੰਮਾਂ ਵਿਚ ਆਪ ਜੀ ਦਾ ਵਿਸ਼ੇਸ਼ ਸਥਾਨ ਹੈ ਸੀ। ਇਸ ਦੀਵਾਨ ਵਲੋਂ ਇਸਤ੍ਰੀ ਵਿਦਿਆ ਲਈ ਖੋਹਲੇ ਗਏ ਵਿਦਿਆਲੇ (ਖਾਲਸਾ ਕੁਆਰੀ ਕਾਲਜ) ਦੇ ਆਪ ਜੀ ਪਹਿਲੇ ਮੁਖ ਅਧਿਆਪਕ ਤੇ ਪ੍ਰਬੰਧਕ ਸਨ ਅਤੇ ਪੰਚ ਖਾਲਸਾ ਦੀਵਾਨ ਨਾਂ ਦੀ ਸੰਸਥਾ ਦੇ ਸਿਰਜਣਹਾਰਾਂ ਵਿਚੋਂ ਵੀ ਸਨ, ਜਿਨ੍ਹਾਂ ਦੀ ਤਜਵੀਜ਼ ਉਪਰ ਦੀਵਾਨ ਦਾ ਇਹ ਨਾਮ ਪ੍ਰਵਾਨ ਹੋਇਆ ਸੀ। ਅੰਤ ਵਿਚ ਜਾ ਕੇ ਬੇਸ਼ਕ ਆਪ ਜੀ ਇਸ ਦੀਵਾਨ ਦੇ ਸੇਵਕਾਂ ਨਾਲੋਂ ਗੁਰਬਾਣੀ ਤੇ ਅਰਦਾਸੇ ਦੀ ਭੰਨਤੋੜ ਕਾਰਨ ਨਿਖੜ ਗਏ, ਫਿਰ ਵੀ ਆਪਣੇ ਨਵੇਂ ਸਾਥੀਆਂ ਨਾਲ ਰਲ ਕੇ ਬਹੁਤ ਸਾਰੇ ਸਮਾਜ ਸੁਧਾਰਕ ਕਰਤਵ ਜੀਵਨ ਭਰ ਨਿਭਾਏ। ਸਿੱਖਾਂ ਵਿਚ ਇਸਤ੍ਰੀ ਵਿਦਿਆ ਪ੍ਰਚਾਰਨ, ਸੂਤਕ ਪਾਤਕ ਦਾ ਵਿਰੋਧ, ਵਿਧਵਾ ਵਿਵਾਹ ਬਿਨਾਂ ਕਿਸੇ ਪ੍ਰਪੰਚ ਤੋਂ, ਸੰਗਤ ਰੂਪ ਵਿਚ ਹੀ ਅਨੰਦ ਵਿਵਾਹ ਕਰਨੇ, ਵਾਧੂ ਰਸਮਾਂ ਰੀਤਾਂ ਤੋਂ ਬਚਾਉ, ਪੜਦੇ ਆਦਿਕ ਤੋਂ ਪ੍ਰਹੇਜ਼, ਗਹਿਣੇ, ਘੁੰਘਟਾਂ ਦੀ ਥਾਂ ਨੰਗੇ ਮੂੰਹ, ਸਿਰ ਉਤੇ ਦਸਤਾਰਾਂ ਸਜਾ ਕੇ ਵਿਚਰਨ ਦਾ ਆਪ ਨੇ ਸਭ ਤੋਂ ਵਧ ਤੇ ਸਫਲ ਪ੍ਰਚਾਰ ਸਿਖ ਭਾਈਚਾਰੇ ਵਿਚ ਕੀਤਾ।

ਸਿੰਘਣੀਆਂ ਨੂੰ ਉਸ ਤਬ੍ਹਾ ਦੇ ਧਾਰਨੀ ਬਣਾਇਆ ਜਿਸ ਨੂੰ ਧਾਰਨ ਕਰ ਕੇ ਪੁਰਾਤਨ ਸਮੇਂ ਮਰਦਾਂ ਨਾਲ ਜੰਗਾਂ ਜੁੱਧਾਂ ਤੇ ਮੁਸ਼ਕਲਾਂ ਵਿਚ ਜੂਝਦੀਆਂ ਸਨ। 'ਸਿੱਖੀ' ਨਿਰੰਤਰ ਸੰਘਰਸ਼ ਦਾ ਮਾਰਗ ਹੈ। ਏਸ ਸਮਾਜ ਨੂੰ ਸੁਧਾਰਨ ਦਾ ਸਿੱਖੀ ਵਿਚ ਇਸਤ੍ਰੀ ਦਾ ਦਰਜਾ ਅਰਧ-ਸਰੀਰੀ ਵਾਲਾ ਹੈ, ਨਾਕਿ ਫਿਲਮੀ ਨਾਇਕਾਂ ਵਾਂਗ ਤਮਾਸ਼ੇ ਰਚ ਕੇ

ਮਨੋਰੰਜਨ ਕਰਨ ਵਾਲੀ ਕਠਪੁਤਲੀ ਦਾ ? ਸਿੱਖੀ ਮੰਡਲ ਵਿਚ ਸਿੰਘਣੀਆਂ ਨੂੰ ਬਰਾਬਰੀ ਦੇ ਦਰਜੇ ਦੀ ਅਮਲੀ ਤੌਰ ਤੇ ਹੱਕਦਾਰ ਬਨਾਉਣ ਤੇ ਜਨਾਉਣ, ਕੀਰਤਨ ਕਰਨ ਅਤੇ ਕਰਾਉਣ ਦੀ ਖੁਲ੍ਹ ਵਰਤਾਉਣ ਵਿਚ ਭਾਈ ਸਾਹਿਬ ਜੀ ਦੀ ਸੇਵਾ ਸਦਾ ਯਾਦ ਰੱਖਣ ਵਾਲੀ ਹੈ ।

( ੭ )

ਧਰਮਸਾਲਾ ਤੇ ਗੁਰਦੁਆਰਿਆਂ ਦੀ ਸਿਰਜਣਾ ਗੁਰੂ ਸਾਹਿਬਾਨ ਨੇ ਸਰਬਤ ਦੇ ਭਲੇ ਦੇ ਸਰਬ ਭਾਂਤੀ ਉਪਾਉ ਸੋਚਣ ਅਤੇ ਉਹਨਾਂ ਨੂੰ ਅਮਲੀ ਰੂਪ ਦੇਣ ਲਈ ਕੀਤੀ ਸੀ । ਸਮੇਂ ਦੇ ਚੱਕਰ ਨੇ ਪ੍ਰਬੰਧਕ ਨਿਜ਼ਾਮ ਨੂੰ ਕਈ ਘੁਮਾਟੀਆਂ ਦਿੱਤੀਆਂ । ਸਿੱਖੀ ਬੇਘਰ ਹੋ ਕੇ ਜੰਗਲਾਂ ਦੀ ਵਸਨੀਕ ਬਣ ਗਈ, ਧਰਮਸਾਲਾਂ ਤੇ ਗੁਰਦੁਆਰੇ ਸਾਧੂ ਵੇਸ ਧਾਰਨ ਵਾਲੇ ਲੋਕਾਂ ਦੀ ਨਿਜੀ ਸੰਪਤੀ ਬਣਦੇ ਗਏ, ਜਿਹਨਾਂ ਵਿਚੋਂ ਕੁਝ ਵਿਚ ਸਿੱਖੀ ਤੱਤ ਜਾਗ੍ਰਿਤ ਰਹੇ । ਬਹੁਤੇ ਬ੍ਰਹਿਮਣੀ ਧਰਮ ਦੇ ਪ੍ਰਚਾਰਕ ਬਣ ਬੈਠੇ । ਸਿੱਖੀ ਰਹੁਰੀਤ ਉਤੇ ਹਿੰਦੂਤਵ ਦਾ ਸੰਘਣਾ ਪ੍ਰਭਾਵ ਪਿਆ । ਗੁਰ-ਸਥਾਨ ਸਿੱਖੀ ਦੇ ਨਿਰਾਲੇ ਰੂਪ ਪ੍ਰਗਟਾਣ ਤੇ ਪ੍ਰਚਾਰਨ ਦੀ ਥਾਂ ਅਜਿਹਾ ਸਮਾਂ ਆਇਆ ਕਿ ਖਾਲਸਾ ਰੂਪ ਦੇ ਧਾਰਨੀ ਆਪ ਹੀ ਵੈਰੀ ਬਣ ਗਏ । ਸਿੱਖਾਂ ਲਈ ਗੁਰਧਾਮਾਂ ਵਿਚ ਜਾਣਾ ਵੀ ਸੌਖਾ ਨਾ ਰਿਹਾ, ਸਿੱਖੀ ਦੀ ਦਸ਼ਾ ਬਾਹਰ ਰਖੋ ਤਾਂ ਕਾਂ ਖਾਣ ਨੂੰ ਪੈਣ; ਅੰਦਰ ਰਖੋ ਤਾਂ ਚੂਹੇ ਟੁਕਣ ਵਾਲੀ ਹੋ ਗਈ ਸੀ । ਬਾਹਰਲੇ ਵੈਰੀ, ਸਿੱਖੀ ਸ਼ਕਲ ਦੇਖ ਕੇ ਸਿਰ ਕਲਮ ਕਰ ਕੇ ਮੁੱਲ ਵੱਟਣ ਲਈ ਕਾਹਲੇ ਸ਼ਿਕਾਰੀਆਂ ਵਾਂਗ ਤਾੜਦੇ ਸਨ । ਧਰਮਸਾਲੀਏ ਸਾਧੂ ਅੰਦਰੋਂ ਅਸੂਲਾਂ ਨੂੰ ਘੁਣ ਵਾਂਗ ਖਾਣ ਲਗੇ ਹੋਏ ਸੀ ।

ਸਿੱਖਾਂ ਦਾ ਰਾਜ ਆਇਆ, ਸਿੱਖੀ ਦੇ ਨਿਰਾਲੇ ਸਰੂਪ ਤੇ ਵਿਲੱਖਣ ਹਸਤੀ ਦਾ ਪ੍ਰਯੋਜਨ ਅਖੋਂ ਓਝਲ ਹੀ ਰਿਹਾ । ਸਿੱਖ ਰਾਜ ਦੇ ਮੁਖੀਆਂ ਨੇ 'ਹਰਮਨ ਪਿਆਰੇ' ਹੋਣ ਲਈ, ਹਰ ਦੇਵੀ ਦੇਵਤੇ ਦੀ ਪੂਜਾ ਪ੍ਰਤਿਸ਼ਟਾ ਕਰਨੀ ਜ਼ਰੂਰੀ ਸਮਝੀ । ਸਿੱਖੀ ਦੀ ਵਿਲੱਖਣਤਾ ਜੋ ਬਾਹਰਮੁਖੀ ਰਸਮਾਂ, ਰੀਤਾਂ ਤੋਂ ਪ੍ਰਗਟ ਹੋਣ ਵਾਲੀ ਸੀ, ਏਸ ਡਰ ਕਾਰਨ ਕਿ ਕਿਧਰੇ ਹਿੰਦੂ ਧਰਮ ਤੋਂ ਨਿਖੇੜ ਹੀ ਨਾ ਦੇਵੇ, ਦਰਬਾਰੀ ਲੋਕਾਂ ਦੀ ਏਸ ਨੀਤੀ ਕਰਕੇ ਬ੍ਰਹਿਮਣੀ ਧਰਮ ਦੀ ਖਾਧੀ ਪੀਤੀ ਚੀਜ਼ ਬਣ ਗਈ । ਵਡੇ ਵਡੇ ਗੁਰਦੁਆਰਿਆਂ ਉਤੇ ਤਿੱਥਾਂ ਤਿਉਹਾਰਾਂ ਨੂੰ ਮੇਲੇ ਲੱਗਣ ਦੀਆਂ ਰੀਤਾਂ ਜ਼ਰੂਰ ਪ੍ਰਚਲਤ ਹੋਈਆਂ । ਇਹਨਾਂ ਮੇਲਿਆਂ ਵਿਚ ਪੁੱਜਣ ਵਾਲੇ ਲੋਕ ਓਸੇ ਤਰ੍ਹਾਂ ਦੇ ਰੰਗ ਬੰਨ੍ਹਦੇ ਸੀ ਜਿਸ ਤਰ੍ਹਾਂ ਦੇ ਹੋਰ ਮੇਲਿਆਂ ਵਿਚ ਮੁਸ਼ਟੰਡੇ ਖਰੂਦ ਕਰਦੇ ਹੁੰਦੇ । ਉਹੋ ਜਿਹਾ ਧੰਦਾ ਗੁਰਧਾਮਾਂ ਉਤੇ ਜਾਰੀ ਹੋ ਗਿਆ । ਸ਼ਰਾਬ ਦੀ ਖੁਲ੍ਹੀ ਵਰਤੋਂ, ਗਣਕਾ ਦੇ ਨਾਚ ਤੇ ਉਹਨਾਂ ਦੇ ਬਜ਼ਾਰ, ਨਚਾਰਾਂ ਦੇ ਜਲਸੇ, ਪੁਜਾਰੀਆਂ ਦੀਆਂ ਮਨਮਾਨੀਆਂ, ਆਮਦਨ ਵਧਾਉਣ ਲਈ 'ਮੀਨਾ ਬਜ਼ਾਰ' ਲਗਾਉਣ ਦੀਆਂ ਖੁਲ੍ਹਾਂ ਦੇਣੀਆਂ, ਪ੍ਰਕਰਮਾਂ ਵਿਚ ਇਸ ਤਰ੍ਹਾਂ ਦੀਆਂ ਸਭ ਕੁਰੀਤੀਆਂ ਗੁਰਧਾਮਾਂ ਨਾਲ ਸੰਬੰਧਤ ਮੇਲਿਆਂ ਦਾ ਇਕ ਤਰ੍ਹਾਂ ਭਾਗ ਬਣ ਗਈਆਂ ਸਨ । ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਏਧਰ ਧਿਆਨ ਖਿਚਿਆ, ਜਾਗ੍ਰਤੀ ਪੈਦਾ ਕੀਤੀ, ਪਰ ਨਰੋਏ ਅਮਲੀ ਕਦਮ ਪੁਟਣੇ ਕਿਸੇ ਰਣਧੀਰ ਸਿੰਘ ਦੇ ਹੀ ਹਿਸੇ ਆ ਸਕਦੇ ਸਨ ।

ਭਾਈ ਸਾਹਿਬ ਜੀ ਸਿੱਖੀ ਮੰਡਲ ਵਿਚ ਆਏ ਤਾਂ ਉਹਨਾਂ ਆਪਣੀਆਂ ਜ਼ਿਮੇਵਾਰੀਆਂ ਹੋਰਨਾਂ ਨਾਲੋਂ ਕੁਝ ਵਧੇਰੇ ਹੀ ਅਨੁਭਵ ਕੀਤੀਆਂ । ਆਪ ਨੇ ਉਸ ਸਮੇਂ ਜ਼ਮਾਨੇ ਦੀ ਵੰਗਾਰ ਸੁਣੀ ਤੇ ਗੁਰਧਾਮਾਂ ਦੇ ਸੁਧਾਰ ਦੀ ਰਾਹ ਚੁਣੀ । ਆਦਰਸ਼ਕ ਸਿੱਖੀ ਦੇ ਰੂਪ ਨੂੰ ਗੁਰਧਾਮਾਂ ਵਿਚ ਮੁੜ ਸਥਾਪਤ ਕਰਨ ਦੇ ਫ਼ਰਜ਼ ਆਪਣੇ ਜ਼ਿਮੇਂ ਲਏ । ਉਹਨਾਂ ਦੇ ਸਾਹਮਣੇ ਆਦਰਸ਼ ਸੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਸਾਇਆ ਹੋਇਆ :

ਜਹਾ ਤਹਾ ਤੈ ਧਰਮ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥

ਕਬੁਧ ਦੇ ਵਿਰੁਧ ਉਨ੍ਹਾਂ ਨੇ ਯੁਧ ਛੇੜ ਦਿਤਾ । ਆਪਣੇ ਚੱਕਰਾਂ, ਕੜਿਆਂ ਤੇ ਸਫਾ-ਜੰਗਾਂ ਵਾਲੇ ਸਾਥੀਆਂ ਸਮੇਤ ਅਨੰਦਪੁਰ ਸਾਹਿਬ ਤੋਂ ਝਾਂਬਾ ਫੇਰ ਕੇ ਪਹਿਲਾ ਸੁਧਾਰ ਅਰੰਭਿਆ । ਫਿਰ ਜਿਥੇ ਗਏ ਦਬੜੂਆਂ ਘੁਸੜੂਆਂ ਤੇ ਚੌਰਾਸੀ ਨੂੰ ਦਬੱਲ ਚਾੜ੍ਹਨੀ ਸ਼ੁਰੂ ਕਰ ਦਿਤੀ ਅਤੇ ਮੁਸ਼ਟੰਡੇ, ਵੇਹਲੜ ਤੇ ਤਮਾਸ਼ਬੀਨ ਦੁੰਬ ਦਬਾ ਕੇ ਨੱਸਣ ਲੱਗੇ ।

ਦਮਕੌਰ ਸਾਹਿਬ, ਦਮਦਮੇ ਸਾਹਿਬ, ਫਤਹਗੜ੍ਹ ਸਾਹਿਬ ਅਤੇ ਅੰਮ੍ਰਿਤਸਰ ਵਿਚ ਹੋਏ ਕੜਾਕੇਦਾਰ ਟਾਕਰਿਆਂ

ਪਿਛੋਂ ਲੋਕਾਂ ਅੰਦਰ ਦਹਿਸ਼ਤ ਫੈਲ ਗਈ। 'ਟਕੂਏ ਵਾਲਿਆਂ ਦਾ ਜਥਾ ਆਗਿਆ ਵਈ' ਦਾ ਲਲਕਾਰਵਾਂ ਬੋਲ ਕਿਸੇ ਨੇ ਬੋਲਣਾ, ਤਾਂ ਗਨਕਾ ਦੇ ਅਖਾੜਿਆਂ, ਨਚਾਰਾਂ ਦੇ ਜਲਸਿਆਂ ਵਾਲਿਆਂ ਵਿਚ ਭਾਜੜਾਂ ਪੈ ਜਾਣੀਆਂ।

ਇਹ ਸਭ ਕੁਝ ਵੇਖਦਿਆਂ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਤੋਂ ਗੁਰਦੁਆਰਾ ਸੁਧਾਰ ਲਹਿਰ ਦਾ ਅਰੰਭ ਕਿਵੇਂ ਹੋਇਆ ? ਬਿਨਾ ਕਿਸੇ ਸੋਚੇ ਵਿਚਾਰੇ ਪ੍ਰੋਗਰਾਮ ਤੇ ਜਥੇਬੰਦੀ ਦੀ ਸਿਰਜਨਾ ਦੇ, ਬਿਨਾਂ ਕਿਸੇ ਵਸੀਲੇ ਦੇ, ਜਦੋਂ ਸਾਰਾ ਵਾਯੂ-ਮੰਡਲ ਸੁੰਨ ਤੇ ਵਿਰੋਧੀ ਸੀ, ਕੇਵਲ ਆਪਣੇ ਚੰਦ ਸਾਥੀਆਂ ਨਾਲ ਜਿਨ੍ਹਾਂ ਨੇ ਸਿਰ ਤਲੀ ਤੇ ਧਰੇ ਹੋਏ ਸਨ, ਜੋ ਕਾਜ ਅਰੰਭਿਆ ਤੇ ਸਿਰੇ ਚੜ੍ਹਾਇਆ, ਇਸ ਪਿਛੇ ਗੁਰੂ ਪ੍ਰੇਰਨਾ ਤੇ ਉਨ੍ਹਾਂ ਦਾ ਮਿਹਰ ਭਰਿਆ ਹੱਥ ਅਦਿੱਖ ਤੌਰ ਤੇ ਅਵੱਸ਼ ਸੀ। ਨਹੀਂ ਤਾਂ ਮੁੱਠੀ ਭਰ ਸਿੰਘਾਂ ਦੇ ਜਥੇ ਨੂੰ ਵਿਰੋਧੀ ਲੋਕਾਂ ਦੇ ਹਜੂਮ ਪਤਾ ਨਹੀਂ ਕੀ ਕੀ ਮਜ਼ੇ ਚਖਾਉਂਦੇ।

ਅਸਲ ਵਿਚ ਉਨ੍ਹਾਂ ਦੇ ਸਾਹਮਣੇ ਕੋਈ ਟੀਚਾ ਸੀ, ਜਿਸ ਵਲ ਉਹ ਵਧਦੇ ਰਹੇ। ਅੰਤ ਵਿਚ ਗੁਰਦੁਆਰਾ ਸੁਧਾਰ ਲਹਿਰ ਲਈ ਕੀਤੇ ਗਏ ਇਹ ਯਤਨ ਇਕਾਂਗੀ ਨਾ ਰਹਿੰਦੇ ਹੋਏ ਸਮੂਹਿਕ ਬਣ ਗਏ ਅਤੇ ਮਹਾਨ ਗੁਰਦੁਆਰਾ ਸੁਧਾਰ ਲਹਿਰ ਦਾ ਉਦਯ ਹੋਇਆ, ਜਿਸ ਵਿਚ ਗੁ: ਰਕਾਬ ਗੰਜ ਦੇ ਕੰਧ ਦੇ ਸਾਕੇ ਤੇ ਉਸ ਨਾਲ ਜੁੜੀਆਂ ਯਾਦਾਂ ਨੇ ਸਿੱਖਾਂ ਦੀਆਂ ਰਗਾਂ ਵਿਚ ਜੋਸ਼ ਦਾ ਸਮੁੰਦਰ ਉਛਾਲਣ ਦਾ ਕੰਮ ਕੀਤਾ। ਇਸ ਪਿਛੇ ਆਪ ਜੀ ਤੇ ਆਪ ਜਿਹੇ ਹੋਰ ਸੇਵਕਾਂ ਦੀ ਸਿੱਖੀ ਅਸੂਲਾਂ ਨੂੰ ਉਘਾੜਨ ਦੀ ਲੰਮੀ ਘਾਲਣਾ ਸੀ, ਜਿਸ ਕਾਰਨ ਕੁਝ ਵਰ੍ਹਿਆਂ ਪਿਛੋਂ ਖਾਲਸਾ ਜੀ ਨੇ ਆਪਣਾ ਅਸਲੀ ਰੂਪ ਮੁੜ ਦੁਨੀਆ ਨੂੰ ਦਿਖਾ ਦਿਤਾ ਤੇ ਲੋਕੀਂ ਸਿੱਖਾਂ ਦੀ ਪੁਰਾਣੀ ਕਰਣੀ ਜਿਹੀ ਨਵੀਂ ਕਰਣੀ ਦੇਖ ਕੇ ਦੰਦ ਟੁੱਕਣ ਲਗੇ।

ਇਕ ਪੱਖੋਂ ਭਾਈ ਸਾਹਿਬ ਜੀ ਦਾ ੧੯੦੬ ਤੋਂ ਅਰੰਭ ਕੀਤੇ ਮਹਾਨ ਲਖਸ਼ ਦੇ ਪੂਰੇ ਹੋਣ ਦਾ ਜ਼ਮਾਨਾ ਆ ਢੁੱਕਿਆ ਸੀ। ਸ੍ਰੀ ਕੇਸ ਗੜ੍ਹ ਸਾਹਿਬ (ਮਿਤੀ ੨੪ ਮਾਰਚ, ੧੯੪੦) ਉਨ੍ਹਾਂ ਦੇ ਸਨਮਾਨ ਵਿਚ ਜੋ ਹੁਕਮਨਾਮਾ ਖਾਲਸਾ ਪੰਥ ਨੇ ਕੱਢਿਆ, ਉਸ ਵਿਚ ਇਕ ਲਾਈਨ ਇਹ ਹੈ :

'ਆਪ ਜੀ ਦੀ ਘਾਲ ਯਾਤਰਾ ਪ੍ਰਵਾਨ ਹੈ।'

ਇਨ੍ਹਾਂ ਗਿਣਤੀ ਦੇ ਅੱਖਰਾਂ ਵਿਚ ਝਾਤੀ ਹੈ ਉਸ ਸਮੁੱਚੀ ਘਾਲਣਾ ਉਪਰ, ਜੋ ਆਪ ਜੀ ਨੇ ਪੰਥ ਦੀ, ਵਿਸ਼ੇਸ਼ ਕਰਕੇ ਗੁਰਧਾਮਾਂ ਦੇ ਸੁਧਾਰ ਲਈ ਘਾਲੀ ਸੀ।

ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ ॥

ਸਿੱਖੀ ਵਿਚ ਵਿਦਿਆ ਤੇ ਗਿਆਨ ਦਾ ਸਥਾਨ ਵੱਖਰੀ ਕਿਸਮ ਦਾ ਹੈ। ਸਿੱਖੀ ਦੀ ਸਿਖਿਆ, (ਵਿਦਿਆ ਦਾ ਵਿਚਾਰ) ਪਰਉਪਕਾਰ ਕਰਨ ਦੀ ਹੈ : (ਵਿਦਿਆ ਵੀਚਾਰੀ ਤਾਂ ਪਰਉਪਕਾਰੀ) ਉਨ੍ਹਾਂ ਪੜ੍ਹਿਆਂ ਪਾਸ ਬੈਠਣਾ ਸ਼ੁਭ ਕਰਮ ਹੈ, ਜਿਥੇ ਪਾਪ ਪੁੰਨ ਦੀ ਵਿਚਾਰ ਹੋਵੇ ਤੇ ਚੰਗੇ ਮੰਦੇ ਕਰਮਾਂ ਦਾ ਨਖੇੜਾ ਕਰਕੇ ਪੜ੍ਹੇ ਹੋਏ ਅਨਪੜ੍ਹਾਂ ਨੂੰ ਕੱਚੇ ਪਹਿਆਂ ਵਿਚੋਂ ਕੱਢ ਕੇ ਸੱਚੇ ਮਾਰਗ ਤੇ ਚਲਾਉਣਾ ਹੈ।

ਇਹ ਵਿਦਿਆ, ਇਹ ਗਿਆਨ ਵਿਅੱਕਤੀ ਦੇ ਉੱਤਮ ਕਿਸਮ ਦੇ ਆਚਾਰ ਦੀ ਰਚਨਾ ਕਰਦੀ ਹੈ, ਜਿਸ ਤੋਂ ਸੱਤ ਵਿਉਹਾਰ ਉਪਜਦੇ ਹਨ।

ਸੱਚ ਆਚਾਰ ਵਿਗਸਦਾ ਹੈ। ਇਕ ਪੜ੍ਹਾਈ ਹੁੰਦੀ ਹੈ ਵਾਦ ਵਿਵਾਦ ਲਈ, ਆਪਣੀ ਵਿਦਵਤਾ ਚਤਰਾਈ ਦੀ, ਗਤਕੇਬਾਜ਼ੀ ਵਾਲੇ ਦਾਉ ਪੇਚਾਂ ਦਾ ਰੋਹਬ ਪਾਉਣ ਵਾਸਤੇ, ਇਸ ਕਿਸਮ ਦੀ ਹਉਮੈ ਬੱਧੀ ਵਿਦਵਤਾ ਨੂੰ ਗੁਰੂਮਤ ਨੇ ਮੂਰਖਤਾ ਦਾ ਲਕਬ ਦਿਤਾ ਹੈ :

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

ਠੀਕ ਹੈ ਜੇ ਵਿਦਵਤਾ ਗਿਣਤੀ ਮਿਣਤੀ ਤੇ ਉਦਰ ਪੂਰਤੀ ਕਰਨ ਦਾ ਨਾਮ ਹੀ ਹੈ ਤਾਂ ਇਹ ਭਟਕਣ ਕਦੇ ਪੂਰੀ ਹੋਣ ਵਾਲੀ ਨਹੀਂ। ਤੀਜੀ ਪੜ੍ਹਾਈ ਦੀ ਕਿਸਮ ਹੈ ਆਪਣੇ ਰੁਜ਼ਗਾਰ ਤੇ ਧੰਦੇ ਲਈ ਕੰਮ ਕਰਨ ਦੇ ਢੰਗਾਂ ਦੀ।

ਇਹ ਬੜੀ ਅਧੂਰੀ ਚੀਜ਼ ਹੈ, ਨਿਗੂਣੀ ਵੀ, ਪਰ ਜਿਨ੍ਹਾਂ ਦਾ ਜੀਵਨ-ਧੰਦਾ ਹੀ ਸਭ ਕੁਝ ਹੋਵੇ, ਉਨ੍ਹਾਂ ਲਈ ਇਹੋ ਬਹੁਤ ਕੁਝ ਹੈ।

ਭਾਈ ਸਾ: ਜੀ ਨੂੰ ਕਾਰ ਵਿਹਾਰ ਵਾਲੀ ਪੜ੍ਹਾਈ ਉਨ੍ਹਾਂ ਦੇ ਮਾਪਿਆਂ ਨੇ ਉੱਚੇ ਦਰਜੇ ਤਕ ਦੀ ਕਰਾਈ, ਪਰ ਆਪ ਜੀ ਦੀ ਤਬੀਅਤ ਦੇ, ਉਹ ਪੱਛਮ ਦੀ ਉੱਚ ਵਿਦਿਆ ਜਿਸ ਦਾ ਉਦੋਂ ਬੜਾ ਰੋਹਬ ਸੀ, ਰਾਸ ਨਾ ਆਈ। ਕਾਲਜ (ਬੀ.ਏ.) ਤਕ ਪੜ੍ਹਨ ਪਿਛੋਂ ਆਪ ਚੰਗੀ ਨੌਕਰੀ ਉਤੇ ਵੀ ਲਗੇ, ਪਰ ਉਸ ਵਿਚ ਪਰ-ਉਪਕਾਰ ਤੇ ਪਾਪ-ਪੁੰਨ ਵਿਚਾਰਨ ਦੀ ਥਾਂ, ਵਿਵਰਜਤ ਰੁਚੀਆਂ ਦੇ ਪੱਲੇ ਪੈਣ ਦਾ ਅੰਦੇਸ਼ਾ ਆਪ ਨੂੰ ਦਿਸ ਆਇਆ। ਉਨ੍ਹਾਂ ਅੰਦਰ ਭੁਖ ਹੋਰ ਕਿਸਮ ਦੇ ਗਿਆਨ ਦੀ ਸੀ। ਜਦੋਂ ਜੀਅ ਧੰਦੇ ਤੇ ਕਮਾਈ ਵਾਲੀ ਵਿਦਿਆ ਤੋਂ ਮਚਲਾਉਣ ਲਗਿਆ, ਇਸ ਬੇੜੇ ਵਿਚੋਂ ਜੀਅ ਕਰਾਰਾ ਕਰਕੇ ਫਰੱਕ ਉਤਰ ਪਏ।

ਪੱਛਮੀ ਵਿਦਿਆ ਰਾਹੀਂ ਪ੍ਰਾਪਤ ਹੋਈ ਸਿਆਣਪ ਤੇ ਲਿਖਣ ਪੜ੍ਹਨ ਦੇ ਔਜ਼ਾਰ ਚਲਾਉਣ ਵਾਲੀ ਜੁਗਤ ਉਨ੍ਹਾਂ ਦੇ ਕੰਮ ਆਈ ਤੇ ਉਸ ਕਲਾ ਨੂੰ ਮਨ ਪ੍ਰਬੋਧਣ, ਪਾਪ-ਪੁੰਨ ਵਿਚਾਰਨ ਵਾਲੇ ਪਰਉਪਕਾਰ ਲਈ ਲੋੜ ਅਨੁਸਾਰ ਵਰਤਿਆ। ਦਰਜਨਾਂ ਪੁਸਤਕਾਂ ਤੇ ਸੈਂਕੜੇ ਲੇਖਾਂ ਰਾਹੀਂ ਗੁਰਮਤਿ ਦੀ ਵਿਆਖਿਆ ਕੀਤੀ। ਕਿਤੇ ਆਪਣੇ ਅਨੁਭਵੀ ਤੱਤ ਪ੍ਰਗਟਾਏ, ਕਿਤੇ ਜਗਿਆਸੂਆਂ ਦੇ ਪ੍ਰਸ਼ਨ-ਪਿਆਸੇ ਮਨ ਤ੍ਰਿਪਤਾਏ ਅਤੇ ਕਦੇ ਕਦੇ ਸਮੇਂ ਦੇ ਸਮਾਜਕ ਮਸਲੇ ਵੀ ਛੋਹੇ। ਆਪ ਜੀ ਦੀਆਂ ਰਚਨਾਵਾਂ ਵਿਚੋਂ ਉਹ ਸਾਹਿਤ ਸ਼ਰਵੋਤਮ ਹੈ ਜਿਸ ਵਿਚ ਉਨ੍ਹਾਂ ਦੇ ਜੀਵਨ-ਤਜਰਬੇ ਅਤੇ ਨਿਜੀ ਅਨੁਭਵ ਦਾ ਰਸ ਘੁਲਿਆ ਹੋਇਆ ਹੈ।

ਆਪ ਜੀ ਦੀਆਂ ਲਿਖਤਾਂ ਵਿਚੋਂ ਕਈ ਪੁਸਤਕਾਂ ਤਾਂ ਵਿਸ਼ੈ ਵਸਤੂ ਤੇ ਵਿਸਮਾਦੀ ਰੰਗ ਵਿਚ ਸਮੋਈਆਂ ਹੋਣ ਕਾਰਨ ਸੰਸਾਰ-ਸਾਹਿਤ ਦੇ ਖੇਤਰ ਵਿਚ ਅਮਰ ਹੋਣ ਦੀਆਂ ਹੱਕਦਾਰ ਹਨ, ਕੁਝ ਲਿਖਤਾਂ ਸਿੱਖ ਸਾਹਿਤ ਦੇ ਅਧੂਰੇ ਤੇ ਅਣਛੋਹੇ ਖੱਪੇ ਪੂਰਨ ਵਾਲੀਆਂ ਹਨ। ਜੇਲ੍ਹ ਚਿੱਠੀਆਂ ਦੇ ਪਹਿਲੇ ਹਿੱਸੇ ਦੀ ਵਾਰਤਕ ਤੇ ਵਸਤੂ ਦੇ ਟਾਕਰੇ ਦੀ ਹੋਰ ਰਚਨਾ ਦਸੋ ਕਿਥੋਂ ਮਿਲਦੀ ਹੈ ? ਜਿਸ ਸਹਜ ਸੁਭਾਵੀ ਸ਼ੈਲੀ ਵਿਚ ਅਧਿਆਤਮਕ ਮੰਡਲਾਂ ਵਿਚ ਪਾਠਕਾਂ ਨੂੰ ਉ ਗਲੀ ਲਾ ਕੇ ਇਹ ਰਚਨਾ ਲੈ ਜਾਂਦੀ ਹੈ—ਅਜਿਹੀ ਲਿਖਤ ਪੰਜਾਬੀ ਵਿਚ ਤਾਂ ਕੀ, ਕਿਸੇ ਹੋਰ ਭਾਸ਼ਾ ਵਿਚ ਵੀ ਸ਼ਾਇਦ ਹੀ ਲੱਭੇ।

'ਰੰਗਲੇ ਸੱਜਣ' ਉਨ੍ਹਾਂ ਦੀ ਇਕ ਹੋਰ ਅਪੂਰਵ ਰਚਨਾ ਹੈ, ਜਿਸ ਵਿਚ ਗੁਰਮੁਖ ਸਾਧਕਾਂ ਦੇ ਸਰੀਰ ਉਡਣ-ਖਟੋਲਿਆਂ ਵਾਂਗ ਆਉਂਦੇ ਤੇ ਜਾਂਦੇ ਦਿਸਦੇ ਹਨ। ਹੋਸ਼ ਹਵਾਸ ਦੇ ਮੰਡਲਾਂ ਤੋਂ ਪਰੇ ਦੀਆਂ ਚਮਤਕਾਰੀ ਘਟਨਾਵਾਂ ਦੇ ਦ੍ਰਿਸ਼ ਅੱਖਾਂ ਨੂੰ ਚਕਾ-ਚੂੰਧ ਕਰ ਦਿੰਦੇ ਹਨ। ਸਭ ਤੋਂ ਨਿਰਾਲੀ ਗੱਲ ਇਹ ਹੈ ਕਿ ਆਪ ਜੀ ਦਾ ਜੀਵਨ ਗੁਰਬਾਣੀ ਪ੍ਰਾਇਣ ਹੋਣ ਕਾਰਨ ਸਮੁੱਚੀ ਸ਼ੈਲੀ ਤੇ ਸ਼ਬਦਾਵਲੀ ਗੁਰਮੁਖੀ ਹੈ। ਇਹ 'ਗੁਰਮੁਖੀ' ਸ਼ੈਲੀ ਆਪ ਜੀ ਦੇ ਕੇਵਲ ਗੁਰਬਾਣੀ ਦੇ ਅਧਿਐਨ ਕਾਰਨ ਨਹੀਂ, ਸਗੋਂ ਉਹਨਾਂ ਦੇ ਅੰਦਰਲੇ ਜੀਵਨ ਦਾ ਪ੍ਰਤੀਬਿੰਬ ਹੈ।

ਗੁਰਬਾਣੀ ਦੀਆਂ ਲਗਾਂ ਮਾਤਰਾਂ ਉਪਰ ਆਪ ਜੀ ਦੀ ਲਿਖਤ ਪੁਸਤਕ ਜਿਸ ਭਾਂਤ ਦੀ ਡੂੰਘੀ ਵਿਆਕਰਣਿਕ ਸੂਝ ਦਾ ਪ੍ਰਭਾਵ ਪਾਉਂਦੀ ਹੈ, ਗੁਰਬਾਣੀ ਦੇ ਕਹੇ ਜਾਂਦੇ ਮਹਾਨ ਵਿਦਵਾਨਾਂ ਲਈ ਵੀ ਇਹ ਇਕ ਸਿਖਿਆਦਾਇਕ ਅਚੰਭਾ ਹੈ। ਹੈਂ ! ਭਾਈ ਸਾਹਿਬ ਅਰਥ ਬੋਧ ਦੀਆਂ ਇਤਨੀਆਂ ਡੂੰਘਿਆਈਆਂ ਵਿਚ ਜਾਂਦੇ ਸਨ !! ਵਿਚਾਰਵਾਨ ਸਿਖ, ਸ਼ਰਧਾ ਵਾਲੀਆਂ ਅੱਖਾਂ ਨੂੰ ਅੰਧੀਆਂ ਹੀ ਸਮਝਦੇ ਹਨ, ਪਰ ਭਾਈ ਸਾਹਿਬ ਜੀ ਦੀ ਸ਼ਰਧਾ ਸੁਜਖੀ ਤੇ ਚੇਤੰਨ ਸੀ।

ਭਾਈ ਸਾਹਿਬ ਦੀ ਕਵਿਤਾ ਆਪਣੇ ਅਲਬੇਲੇ ਰੰਗ ਦੀ ਹੈ। ਕੁਝ ਕਵਿਤਾਵਾਂ ਵਿਚ ਉਹ ਤੜਪ ਅਤੇ ਉਹ ਲਿਲਕ ਹੈ ਤੇ ਵਿਰ ਪ੍ਰਾਪਤੀ ਦੇ ਉਹ ਦਰਸ਼ਨ ਝਲਕੇ ਹਨ, ਜਿਨ੍ਹਾਂ ਜਿਹੇ ਪੰਜਾਬੀ ਸਾਹਿਤ ਵਿਚ ਇਸ ਤੋਂ ਪਹਿਲਾਂ ਕਿਸੇ ਨੇ ਰੂਪਮਾਨ ਨਹੀਂ ਕੀਤੇ। ਅਰੂਪ ਦੇਸ ਦੀਆਂ 'ਦਰਸ਼ਨ ਝਲਕਾਂ' ਦੀਆਂ ਬਿਜਲੀਆਂ ਦੇ ਚਮਕਾਰੇ ਜਿਵੇਂ ਆਪ ਦੀ ਕਵਿਤਾ ਵਿਚੋਂ ਵੱਜਦੇ ਹਨ, ਗੁਰਬਾਣੀ ਬਿਨਾਂ ਹੋਰ ਕਿਸੇ ਰਚਨਾ ਵਿਚੋਂ ਨਹੀਂ ਮਿਲਦੇ।

ਸੂਫ਼ੀ ਫ਼ਕੀਰ ਬਿਰਹੀ ਲੋਗ ਮਹਿਬੂਬ ਦੇ ਦੀਦਾਰ ਲਈ 'ਬਹੁੜੀਂ ਵੇ ਬੀਬਾ' ਦੀ ਝੀਣੀ ਬਾਣ ਵਿਚ ਤੜਫਦੇ ਤੇ ਵਿਲਕਦੇ ਇਸ਼ਕ ਹਕੀਕੀ ਦੀ ਅਵਸਥਾ ਵਿਚ ਅਸੀਂ ਸੁਣਦੇ ਹਾਂ। ਕਿਸੇ ਦੀ ਗਲਵਕੜੀ ਪਾਉਣ ਲਈ ਕਲਾਈ ਲਰਜ਼ਦੀ ਹੈ, ਕਿਸੇ ਨੂੰ 'ਜਿੰਦ ਕੜਿਕੀ ਦੇ ਮੂੰਹ ਆਈ' ਦੀਆਂ ਤੜਫੜੀਆਂ ਵਿਚ ਲੁਛਦਾ ਤੱਕਦੇ ਹਾਂ, ਕਈ ਕਲਗੀ ਵਾਲੇ ਤੇ ਬਾਬੇ ਨਾਨਕ ਨੂੰ ਆ ਮਿਲਣ ਦੀਆਂ ਗੱਲਾਂ ਕਰਦੇ ਹਨ। ਪਰ ਇਹ ਭਾਈ ਰਣਧੀਰ ਸਿੰਘ ਜੀ ਦੀਆਂ ਕਵਿਤਾਵਾਂ ਹੀ ਹਨ, ਜਿਨ੍ਹਾਂ ਵਿਚ ਸਿੱਧੇ ਦਰਸ਼ਨ ਝਲਕੇ ਵੱਜਦੇ ਹਨ, ਉਹ ਪ੍ਰਤੱਖ ਦਰਸ਼ਨ ਦੇਖਦੇ ਹੋਏ ਹੱਡ-ਬੀਤੀਆਂ ਦਾ ਜਿਵੇਂ ਬਿਆਨ ਕਰਦੇ ਹਨ, ਪਾਠਕਾਂ ਨੂੰ ਪਹਿਲੇ ਤੁਣਕੇ ਹੀ ਉਸ ਮੰਡਲ ਦੇ ਵਾਸੀ ਜਾ ਬਣਾਉਂਦੇ ਹਨ। ਦੇਖੋ ਕੈਸਾ ਪ੍ਰਤੱਖ ਨਜ਼ਾਰਾ ਹੈ ਉਨ੍ਹਾਂ ਦੀ ਕਵਿਤਾ ਵਿਚ :

ਮੈਂ ਝੱਲ ਨਾ ਸਕਾਂ ਦੇਖ ਦਿਦਾਰਾ ਦਰਸ ਨਜ਼ਾਰਾ ਤੇਰਾ।
ਦਰਸ ਝਲਕ ਦੀ ਝਾਤੀ ਪਾ ਮਨ ਝੱਲਾ ਹੋਇਆ ਮੇਰਾ। (ਦਰਸ਼ਨ ਝਲਕਾਂ)

ਸੁਆਦਲੀ ਗੱਲ ਇਹ ਹੈ, ਉਹ ਆਪਣੀ ਅਲਬੇਲੀ ਤੇ ਲਟਕਾਂ ਭਰੀ ਗੁਰਮੁਖੀ ਬੋਲੀ ਵਿਚ ਪਿੰਗਲ ਦੇ ਕਾਵਿ ਛੰਦਾਂ ਦੀ ਬੰਦਸ਼ ਵੀ ਸਹਿਜ ਸੁਭਾਵੀ ਨਿਭਾਉਂਦੇ ਚਲੇ ਗਏ ਹਨ। ਕੌਣ ਕਹੇ ਇਹ ਵਲਵਲੇ ਦੀ ਕਵਿਤਾ ਹੈ ਜਾਂ ਬੁਧੀ ਮੰਡਲ ਦੀ ? ਏਥੇ ਤਾਂ ਬਿਦੇਹ ਜਜ਼ਬਿਆਂ ਵਿਚ ਨਿਜੀ ਅਨੁਭਵ ਦੀ ਰੰਗਤ ਰਲ ਜਾਣ ਕਰਕੇ ਵੱਖਰੀ ਕਿਸਮ ਦੀ ਹੀ ਲਹਿਰੀਏਦਾਰ ਚੀਜ਼ ਝਮਕਦੀ ਮਹਿਸੂਸ ਹੁੰਦੀ ਹੈ। ਆਪ ਜੀ ਦੀ ਕਾਵਿ ਰਚਨਾ ਦੇ ਅਰੂਪ ਜੁਸੇ ਤੇ ਨਖ-ਸਿਖ ਬਾਰੇ ਕੁਝ ਕਹਿਣਾ ਸੌਖਾ ਨਹੀਂ :

ਜਗਿ ਗਿਆਨੀ ਵਿਰਲਾ ਆਚਾਰੀ।
ਜਗਿ ਪੰਡਿਤੁ ਵਿਰਲਾ ਵੀਚਾਰੀ। (ਆਸਾ ਮ: ੧)

( ੮ )

ਸਿੱਖੀ ਵਿਚ ਕੀਰਤਨ ਪ੍ਰਧਾਨ ਕਰਮ ਹੈ। ਸਿੱਖਾਂ ਦੇ ਧਰਮ ਗ੍ਰੰਥ ਤੇ ਇਸ਼ਟ ਦੇਵ ਵਲੋਂ ਬਾਰ ਬਾਰ ਦੁਹਰਾ ਕੇ 'ਕਲਜੁਗ ਮਹਿ ਕੀਰਤਨਿ ਪਰਧਾਨੁ' ਅਤੇ 'ਸਿਰਿ ਕਰਮਨ ਕੈ ਕਰਮਾ' ਦੀ ਸਿੱਖ ਮੱਤ ਦ੍ਰਿੜ੍ਹਾਈ ਗਈ ਹੈ। 'ਕੀਰਤਨ' ਪ੍ਰਭੂ ਦੀ ਸੋਅ ਸੁਣਨ ਵਾਲੀਆਂ ਰੂਹਾਂ ਨੂੰ ਇਕ ਸੱਦ ਹੈ, ਅਗੰਮੀ ਸੰਦੇਸ਼ ਹੈ, ਦਿਲਾਂ ਦੇ ਮਾਲਕ ਦੀ 'ਹਾਕ' ਹੈ, ਉਸ 'ਹਾਕ' ਦਾ ਹੁੰਗਾਰਾ ਹੈ ਧੁਨੀ ਵਿਚ ਧਿਆਨ ਨੂੰ ਜੋੜ ਲੈਣਾ ਅਤੇ ਅੰਦਰਲੇ ਨਾਲ ਇਕ ਸੁਰ ਹੋ ਜਾਣਾ। ਭਾਈ ਰਣਧੀਰ ਸਿੰਘ ਜੀ ਨੇ ਕੀਰਤਨ ਦੀ ਇਸ ਰਹੱਸਮਈ ਅਵਸਥਾ ਨੂੰ ਇਸ ਸਦੀ ਵਿਚ ਕੀਰਤਨ ਦੇ ਅਖੰਡ ਅਖਾੜਿਆਂ ਵਿਚ ਮਾਣਿਆ ਅਤੇ ਵੰਡਿਆ। ਸਵੇਰ ਦੇ ਤਰੇਲ ਤੁਪਕਿਆਂ ਵਾਂਗ ਅੰਮ੍ਰਿਤ ਦੀ ਇਹ ਫੁਹਾਰ ਬਿਨਾਂ ਕਿਸੇ ਕਿਸਮ ਦਾ ਬੋਝ ਪਾਇਆਂ ਅਨੇਕਾਂ ਦੇ ਹਿਰਦਿਆਂ ਦੀਆਂ ਖੰਭੜੀਆਂ ਤੇ ਟਿਕੀ ਅਤੇ ਫਿਰ ਹੌਲੀ ਹੌਲੀ ਅੰਦਰ ਸਿੰਜਰਨ ਦੀ ਜੋ ਕਲਾ ਵਰਤੀ, ਇਸ ਦਾ ਮਹਾਂ-ਰਸ ਮਾਨਣ ਵਾਲੇ ਹੀ ਜਾਣਦੇ ਹਨ। ਉਹ ਗੁਰਬਾਣੀ ਗਾਉਂਦੇ ਹੀ ਨਹੀਂ ਸਨ, ਗੁਰਬਾਣੀ ਦੀ ਧੁਨੀ ਦੇ ਰਚੇ ਹੋਏ ਸੂਖਮ ਤੇ ਅਦ੍ਰਿਸ਼ ਸੰਸਾਰ ਵਿਚ ਵਿਚਰਦੇ ਸਨ, ਅੰਮ੍ਰਿਤ ਰਸ ਭੁੰਚਦੇ ਸਨ। ਸ਼ਾਇਦ ਇਹੋ ਕਾਰਨ ਸੀ ਕਿ ਕਲਾ ਪ੍ਰਬੀਨੀਏ ਸੁਰ ਬੰਦਸ਼ਾਂ ਵਿਚ ਪੂਰੇ ਉਤਰਨ ਵਾਲਿਆਂ ਨਾਲੋਂ, ਇਸ ਸ਼ਬਦ-ਸੁਰਤ ਦੇ ਮੇਲ ਵਾਲੇ ਮਸਤਾਨੇ ਕੀਰਤਨੀਏ ਦੀ ਧੂਹ ਵਧੇਰੇ ਡੂੰਘੀ ਤੇ ਖਿਚਾਂ-ਪਾਊ ਸੀ।

ਆਪ ਜੀ ਸਿਖੀ ਮੰਡਲ ਵਿਚ ਕੀਰਤਨ ਕਰਦੇ ਹੋਏ ਸ਼ਾਮਲ ਹੋਏ। ਫਿਰ ਸਾਰੀ ਆਯੂ ਕੀਰਤਨ ਕੀਤਾ ਅਤੇ ਕੀਰਤਨ ਦੀਆਂ ਧੁਨਾਂ ਵਿਚ ਹੀ ਬ੍ਰਹਮ ਲੀਨ ਹੋਏ। ਆਪਣੇ ਪਿਛੋਂ ਜਿਹੜੀ ਅਤਿ ਕੀਮਤੀ ਵਿਰਾਸਤ ਛੱਡ ਗਏ, ਉਹ ਕੀਰਤਨੀਆਂ ਦਾ ਇਕ ਦਲ ਹੈ, ਇਕ ਸਮੂੰਹ ਹੈ, ਜੋ ਸਾਰੀ ਸਾਰੀ ਰਾਤ ਤੇ ਸਾਰਾ ਸਾਰਾ ਦਿਨ ਸ਼ਬਦ ਸੁਰਤ ਵਿਚ ਲੀਨ ਹੋ ਕੇ ਲੰਘਾ ਦਿੰਦੇ ਹਨ। ਜੋੜੀ ਉਤੇ ਥਾਪ ਵੱਜੀ ਨਹੀਂ, ਸ਼ਬਦ ਦੀ ਧੁਨੀ ਉਠੀ ਨਹੀਂ, ਇਹ ਰਸੀਏ ਭਮਕੱੜਾਂ ਵਾਂਗ ਦੌੜ ਕੇ ਪੁਜੇ ਨਹੀਂ। ਫਿਰ ਸ਼ਬਦ ਦੀ ਬੀਨ ਉਤੇ ਨਾਗਾਂ ਵਾਂਗ ਫਨ ਖਿਲਾਰ ਕੇ—ਰਸਕ ਰਸਕ ਗੁਣ ਗਾਉਣ ਦੀਆਂ

ਝੂੰਮਾਂ ਦਾ ਜੋ ਰੰਗ ਬੱਝਦਾ ਹੈ, ਇਹ ਦ੍ਰਿਸ਼ ਦੇਖਣ ਨਾਲ ਹੀ ਸਬੰਧ ਰੱਖਦਾ ਹੈ। ਆਪ-ਮੁਹਾਰੇ ਹੀ 'ਭਲੋ ਭਲੋ ਰੇ ਕੀਰਤਨੀਆ' ਦੇ ਵਾਕ ਮੂੰਹ ਵਿਚੋਂ ਨਿਕਲ ਜਾਂਦੇ ਹਨ।

ਗੁਰੂ ਸਾਹਿਬਾਨ ਦੇ ਸਮੇਂ 'ਕੀਰਤਨ' ਭਗਤੀ ਵੀ ਸੀ,ਕਲਾ ਵੀ। ਕਲਾ ਆਮ ਤੌਰ ਤੇ ਰਬਾਬੀਆਂ ਦਾ ਧੰਦਾ ਰਹੀ, ਧੰਦਾ ਇਸ ਲਈ ਕਿ ਇਸ ਨਾਲ ਰਬਾਬੀਆਂ ਦਾ ਕਾਰ ਵਿਹਾਰ ਚਲਦਾ ਸੀ। ਇਸੇ ਕਰਕੇ ਹੀ ਤਾਂ ਸੱਤਾ ਬਲਵੰਡ ਵਾਲੀ ਘਟਨਾ ਵਰਤੀ। ਸੁਨਣ ਵਾਲੇ ਸਿਖ, 'ਕੀਰਤਨ-ਭਗਤੀ' ਦਾ ਰਸ ਮਾਣਦੇ ਸਨ। ਇਹੋ ਜਿਹੀ ਗੱਲ ਹੀ ਇਕ ਵਾਰੀ ਦਸਮੇਸ਼ ਜੀ ਦੇ ਸਮੇਂ ਵਰਤੀ। ਜਦੋਂ ਉਨ੍ਹਾਂ ਕੀਰਤਨੀਆਂ ਦੇ ਇਕ ਪ੍ਰਸ਼ਨ ਦਾ ਉਤਰ ਕਿ 'ਬਾਣੀ ਦਾ ਸੁਆਦ ਕਿਉਂ ਨਹੀਂ ਆਉਂਦਾ ?' ਮੋਟੀ ਤੇ ਸਰਲ ਜਿਹੀ ਜੁਗਤ ਨਾਲ ਦਿੱਤਾ। ਇਕ ਕੜਾਹਾ ਭੰਗ ਦਾ ਤਿਆਰ ਕਰਾ ਕੇ ਸੁਰੀਲੇ ਗਾਇਕਾਂ ਨੂੰ ਕਿਹਾ 'ਸੱਜਣ ਜੀਓ ! ਇਸ ਦੀਆਂ ਕੁਰਲੀਆਂ ਕਰੀ ਜਾਵੋ।' ਫਿਰ ਸ਼ਾਮ ਨੂੰ ਜਦੋਂ ਉਹਨਾਂ ਕੜਾਹਾ ਮੁਕਾ ਦਿੱਤਾ ਤਾਂ ਪੁਛਿਆ, 'ਕਿੰਨਾ ਕੁ ਨਸ਼ਾ ਚੜ੍ਹਿਆ ਹੈ ਰਾਗੀ ਸਿੰਘ ਜੀ!' 'ਨਸ਼ਾ ਕੀ ਚੜ੍ਹਨਾ ਸੀ ਮਹਾਰਾਜ! ਅੰਦਰ ਤਾਂ ਤ੍ਰਿਪ ਵੀ ਨਹੀਂ ਲੰਘੀ।' 'ਬਾਣੀ ਦੇ ਭਾਵ ਅੰਦਰ ਨਾ ਨਿਘਾਰਨ ਦੀ ਵੀ ਭਾਈ ਇਹੋ ਗਤੀ ਹੈ।' ਇਹ ਦਸਮੇਸ਼ ਜੀ ਦਾ ਸਾਰਥਕ ਉਤਰ ਸੀ।

ਗੁਰੂ ਸਾਹਿਬ ਜੀ ਦੇ ਸਮੇਂ ਅਤੇ ਪਿਛੋਂ ਕੁਝ ਗੁਰਸਿੱਖ ਕੀਰਤਨੀਏ ਹੋਣ ਦੀ ਵੀ ਸੂਹ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਖ਼ੁਦ ਕੀਰਤਨ ਕਰਨ ਦਾ ਹੁਕਮ ਲਾਗੂ ਕੀਤਾ ਸੀ। ਕਹਿੰਦੇ ਹਨ ਸ: ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ ਜੀ ਅਤੇ ਉਸ ਦਾ ਇਹ ਹੋਣਹਾਰ ਬੱਚਾ ਮਾਤਾ ਸੁੰਦਰੀ ਜੀ ਦੇ ਦਰਬਾਰ ਵਿਚ ਕੀਰਤਨ ਕਰਿਆ ਕਰਦੇ ਸਨ, ਫਿਰ ਵੀ ਆਮ ਤੌਰ ਤੇ ਅਸੀਂ ਵੇਖਦੇ ਹਾਂ ਕਿ ਕੀਰਤਨ-ਕਲਾ ਆਮ ਤੌਰ ਤੇ ਰਬਾਬੀਆਂ ਤੇ ਰਾਗੀਆਂ ਦੇ ਗਲੇ ਤੇ ਹੱਥ ਦਾ ਹੀ ਕਸਬ ਰਹੀ। ਉਹ ਵੀ ਮਨੋਰੰਜਨ ਸ਼ੈਲੀ ਅਤੇ ਬਹੁਤੀ ਕਲਾ-ਮਈ ਬਣਾਉਣ ਦੇ ਲਾਲਚ ਵਸ ਮਨਚਲੀਆਂ ਚੁਲਬੁਲਾਵਾਂ ਵਧੇਰੇ ਵਧੀਆਂ। ਬੇਸ਼ਕ, ਹਰਿਮੰਦਰ ਦੇ ਕੀਰਤਨੀਏ ਸਾਤਵਿਕ ਰਹੇ। ਪ੍ਰੰਤੂ 'ਨਾਦ' ਬ੍ਰਹਮ ਨਾਲ ਅਭੇਦ ਹੋ ਕੇ ਕੀਰਤਨ ਕਰਨ ਵਾਲੇ ਰਸੀਏ ਵਿਰਲੇ ਹੀ ਉਪਜਦੇ ਰਹੇ। ਜਦੋਂ ਕਲਾ ਕਿਸੇ ਵੀ ਕੋਮਲ ਹੁਨਰ ਉਤੇ ਵਧੇਰੇ ਛਾ ਜਾਵੇ ਤਾਂ ਉਸ ਦਾ ਪ੍ਰਛਾਵਾਂ ਪ੍ਰਭਾਵ ਪਾਏ ਬਿਨਾਂ ਨਹੀਂ ਰਹਿੰਦਾ।

ਭਾਈ ਸਾਹਿਬ ਜੀ ਸੁਸਿਖਸ਼ਤ ਕੀਰਤਨੀਏ ਜਾਂ ਰਾਗੀ ਨਹੀਂ ਸਨ, ਇਹ ਵੱਖਰੀ ਗੱਲ ਹੈ ਕਿ ਕਈ ਮੌਕਿਆਂ ਤੇ ਰਾਗੀਆਂ ਨੇ ਸਹੀ ਕੀਤਾ ਕਿ ਉਹ ਉਹਨਾਂ ਸੁਰਾਂ ਉਤੇ ਹੀ ਕੀਰਤਨ ਕਰਦੇ ਪਾਏ ਗਏ ਜੋ ਉਸ ਸਮੇਂ ਦੇ ਰਾਗ ਦਸੇ ਜਾਂਦੇ ਸਨ। ਪਰ ਆਪ ਜੀ ਰਾਗ ਦੀ ਕਲਾ ਵਲੋਂ ਬੇਪ੍ਰਵਾਹ ਸਨ। ਕਈ ਵਾਰੀ ਆਪਣੇ ਆਪ ਨੂੰ ਅਨਜਾਣ ਵੀ ਕਹਿ ਲੈਂਦੇ ਸਨ, ਪਰ ਰਾਗ ਦਾ ਅਸਲੀ ਭਾਵ ਤਾਂ ਪ੍ਰੇਮ ਹੈ, ਇਸ ਮੂਲ ਰੂਪੀ 'ਰਾਗ' ਦੇ ਨਿਭਾਉਣ ਵਿਚ ਆਪ ਜੀ ਸਿੱਧ ਹਸਤ ਸਨ।

ਜਿਤਨੇ ਵੀ ਪੁਰਾਣੇ ਕਲਾ ਮਈ ਪੱਖ ਦੇ ਸ਼ਾਸਤਰੀ ਸੰਗੀਤ ਹਨ ਉਹ 'ਨਾਦ' ਨੂੰ ਬ੍ਰਹਮ ਮੰਨਦੇ ਹਨ ਅਤੇ ਰਾਗ ਨੂੰ ਉਹਨਾਂ ਸੂਖਮ ਭਾਵਾਂ ਦੇ ਭਿੰਨ ਭਿੰਨ ਢੰਗਾਂ ਨਾਲ ਰੂਪਮਾਨ ਕਰਨ ਵਾਲੀ ਜੁਗਤ। ਸਿਆਣੇ ਇਸ ਢੰਗ ਜਾਂ ਜੁਗਤ ਨੂੰ 'ਸੁਰ' ਕਹਿੰਦੇ ਹਨ, ਜੋ ਹੋਰ ਕੋਮਲ ਹੋ ਕੇ 'ਲਯ' ਬਣ ਜਾਂਦੀ ਹੈ। ਇਸ 'ਸੁਰ' ਤੇ ਲਯ ਦੀ ਵੀ ਅਦਭੁਤ ਲੀਲ੍ਹਾ ਹੈ। ਇਹ ਲਯ ਮਈ 'ਸੁਰ' ਬਿਨਾਂ ਕਾਫੀਏ ਵਾਲੀ ਕਵਿਤਾ ਵਿਚ ਵੀ ਪਾਈ ਜਾਂਦੀ ਹੈ। ਕਈ ਵਾਰ ਵਾਰਤਕ ਵਿਚ ਵੀ। ਭਾਈ ਸਾਹਿਬ ਰਾਗ ਤੇ ਤੰਤੀ ਸਾਜ਼ਾਂ ਜਾਂ ਤੰਤ੍ਰੀ ਭਾਂਤ ਦੇ ਵਜੰਤ੍ਰ ਤਾਂ ਨਹੀਂ ਸਨ, ਪਰ ਉਹ ਲਯ ਵਾਲੀ 'ਸੁਰ' ਨਾਲ ਸਬੰਧ ਜ਼ਰੂਰ ਜੋੜੀ ਰੱਖਦੇ ਸਨ। ਇਸ ਭਾਂਤ ਦੇ ਕੀਰਤਨੀਏ ਦੀ ਅਵਸਥਾ ਦਾ ਵਰਨਣ ਗੁਰਬਾਣੀ ਵਿਚ ਦਿਤਾ ਹੋਇਆ ਹੈ :

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥

ਆਪ ਕਲਾ ਪ੍ਰਬੀਨ ਰਾਗੀ ਨਾ ਹੁੰਦੇ ਹੋਏ ਵੀ ਪੰਥ ਵਿਚ ਮਹਾਨ ਕੀਰਤਨੀਏ ਦੇ ਰੂਪ ਵਿਚ ਪ੍ਰਸਿਧ ਹੋਏ। ਕੀਰਤਨ ਉਨ੍ਹਾਂ ਦੀ ਰੂਹ ਦਾ ਜੀਵਨ ਆਧਾਰ ਸੀ। ਅਸਲ ਵਿਚ ਉਹ ਗੁਰੂ ਕੇ ਹਜ਼ੂਰੀ ਢਾਡੀ ਸਨ। ਸ਼ਾਇਦ

ਇਹੋ ਕਾਰਨ ਸੀ ਕਿ ਉਹ ਜਿਥੇ ਗਏ, ਜਿਥੇ ਰਹੇ ਕੀਰਤਨ ਦੇ ਆਧਾਰ ਬਿਨਾਂ ਨਾ ਰਹਿ ਸਕੇ। ਪੈਰੀਂ ਬੇੜੀਆਂ ਪਈਆਂ, ਹੱਥਾਂ ਨੂੰ ਕੜੀਆਂ ਲਗੀਆਂ ਤਾਂ ਉਹਨਾਂ ਜਕੜਨ ਵਾਲੀਆਂ ਚੀਜ਼ਾਂ ਤੋਂ ਛੈਣਿਆਂ ਦਾ ਕੰਮ ਲਿਆ। ਜੇਲ੍ਹਾਂ ਦੀਆਂ ਕੋਠੀਆਂ ਦੀਵਾਨ-ਅਸਥਾਨ ਬਣਾ ਦਿਤੇ। ਨਾਲ ਦੀਆਂ ਕੋਠੜੀਆਂ ਵਿਚ ਬੈਠੇ ਸਹਿਯੋਗੀਆਂ ਦੀ ਸੰਗਤ ਬਣਾ ਲਈ। ਇੰਝ ਪ੍ਰਭੂ ਦੀ ਹਜ਼ੂਰੀ ਹਰ ਥਾਂ ਮਾਣੀ।

ਬੇਸ਼ੱਕ ਆਪ ਜੀ ਨੇ ਜਪ ਤਪ ਵੀ ਘਟ ਨਹੀਂ ਕੀਤਾ, ਕਸ਼ਟ ਵੀ ਅਕਹਿ ਝੱਲੇ ਸਨ, ਪਰ ਸਭ ਤੋਂ ਵਧ ਸਮਾਂ ਆਪ ਜੀ ਦਾ ਜੇਲ੍ਹ ਤੋਂ ਬਾਹਰ ਤੇ ਜੇਲ੍ਹ ਦੇ ਅੰਦਰ ਕੀਰਤਨ-ਰਸ ਦੇ ਨਸ਼ੇ ਵਿਚ ਹੀ ਬੀਤਿਆ।

ਆਪ ਜੀ ਦੇ ਜੇਲ੍ਹ ਜਾਣ ਤੋਂ ਪਹਿਲਾਂ ਦੇ ਕੀਰਤਨ ਅਖਾੜਿਆਂ ਦੀ 'ਯਾਦ' ਪ੍ਰੇਮੀਆਂ ਨੂੰ ਜੇਲ੍ਹ-ਵਾਸ ਸਮੇਂ ਜਿਵੇਂ ਤੜਪਾਉਂਦੀ ਰਹੀ ਉਦੋਂ ਕਈ ਬ੍ਰਿਹੀ ਕਵਿਤਾਵਾਂ ਵਿਚ ਆਖਦੇ ਸਨ, 'ਕਦੋਂ ਖੋਲ੍ਹੇਗਾ ਮਸਤ ਫਕੀਰ ਬਣ ਕੇ'। ਉਨ੍ਹਾਂ ਮਿੱਠੀਆਂ ਯਾਦਾਂ ਦੇ ਵਰਨਣ ਕਈ ਵਰ੍ਹੇ ਕਈਆਂ ਦੇ ਕਾਲਜੇ ਰੁਗ ਭਰਦੇ ਰਹੇ। ਜੇਲ੍ਹ ਤੋਂ ਬਾਹਰ ਆ ਕੇ ਜਦੋਂ ਕੀਰਤਨ-ਅਖਾੜੇ ਮਘੇ ਤੇ ਮਾਹੀ ਦੀ ਅਨੋਖੀ ਸਦ ਗੂੰਜੀ, ਫਿਰ ਜੋ ਰਸਕ-ਮੰਡਲ ਦੇ ਵਾਸੀਆਂ ਵਿਚ ਖੁਸ਼ੀਆਂ ਵਾਪਰੀਆਂ, ਉਨ੍ਹਾਂ ਦੇ ਰਸ-ਭਿੰਨੇ ਸਵਾਦ ਵੀ ਅਨੇਕਾਂ ਸੱਜਣਾਂ ਦੇ ਹਿਰਦੇ ਦੀ ਸੰਭਾਲ ਕੇ ਰੱਖਣ ਵਾਲੀ ਯਾਦ ਬਣੇ ਹੋਏ ਹਨ।

ਉਸ ਵੇਲੇ 'ਕੀਰਤਨ' ਰਬਾਬੀਆਂ ਦੀ ਥਾਂ ਪੇਸ਼ਾਵਰ ਰਾਗੀਆਂ ਦੇ ਹੱਥਾਂ ਵਿਚ ਵਧੇਰੇ ਆ ਗਿਆ ਸੀ। ਆਪ ਜੀ ਦਾ ਸਦਕਾ ਜੋ 'ਸੰਗਤੀ-ਕੀਰਤਨ' ਪ੍ਰਥਾ ਬਣੀ ਹੈ, ਇਹ ਕੇਵਲ ਆਪ ਜੀ ਦੀ ਦੇਣ ਹੈ। ਸ਼ਹਿਰ ਸ਼ਹਿਰ, ਨਗਰ ਨਗਰ, ਦੇਸ਼ਾਂ ਬਿਦੇਸ਼ਾਂ ਵਿਚ 'ਰੈਣ ਸਬਾਈ' ਅਤੇ ਘੰਟਿਆਂ ਬੱਧੀ ਕੀਰਤਨ ਦੇ ਜੋ ਰੰਗ ਜੰਮਦੇ ਹਨ, ਇਹ ਕੀਰਤਨ ਰਸ-ਰਤਿਆਂ ਦੀ ਪ੍ਰੀਤ-ਰੀਤ ਹੁਣ ਇਕ ਲਹਿਰ ਬਣ ਗਈ ਹੈ। ਨਿਰਸੰਦੇਹ ਇਸ ਪਿੱਛੇ ਭਾਈ ਸਾਹਿਬ ਜੀ ਦੀ ਜੀਵਨ ਘਾਲਣਾ ਅਤੇ ਪ੍ਰਬਲ ਪ੍ਰੇਰਨਾ ਦਾ ਫਲ ਪ੍ਰਤੱਖ ਹੈ।

( ੬ )

ਭਾਈ ਸਾਹਿਬ ਜੀ ਨੇ ਇਕ ਫਕੀਰ ਦਾ ਜੀਵਨ ਜੀਵਿਆ। ਆਪ ਜੀ ਕ੍ਰਾਂਤੀਕਾਰੀ ਲਹਿਰ ਦੇ ਉਸਰਈਆਂ ਦੀ ਪਹਿਲੀ ਕਤਾਰ ਵਿਚ ਖੜੇ ਹੋ ਕੇ ਲੜੇ, ਸਮਾਜ ਸੁਧਾਰਕ ਦੇ ਤੌਰ ਤੇ ਆਪਣੀ ਛਾਪ ਸਿਖ ਸੰਸਾਰ ਵਿਸ਼ੇਸ਼ ਕਰਕੇ ਇਕ ਵਰਗ ਤੇ ਗਹਿਰੀ ਤਰ੍ਹਾਂ ਦੀ ਲਾਈ, ਸੈਂਕੜੇ ਹਜ਼ਾਰਾਂ ਜੀਉੜਿਆਂ ਨੂੰ ਪ੍ਰਭਾਵਤ ਕੀਤਾ। ਜੇਲ੍ਹਾਂ ਦੇ ਕਸ਼ਟ ਝੱਲੇ, ਜਾਇਦਾਦ,ਮੁਲਕ ਅਜ਼ਾਦ ਹੋਣ ਪਿਛੋਂ ਤੱਕ ਵੀ ਜ਼ਬਤ ਰਹੀ। ਆਪਣੇ ਜੀਵਨ ਵਿਚ ਸਰਕਾਰ ਵਲੋਂ ਕਿਸੇ ਕਿਸਮ ਦੇ ਇਵਜ਼ਾਨੇ ਦੀ ਇੱਛਾ ਤੱਕ ਨਾ ਕੀਤੀ। ਉਹ ਕਹਿੰਦੇ ਸਨ, 'ਅਸੀਂ ਜੇਲ੍ਹ ਕੁਝ ਖੱਟੀ ਕਮਾਈ ਕਰਨ ਲਈ ਥੋੜ੍ਹੇ ਗਏ ਸੀ, ਜੋ ਸਰਿਆ ਬਣਿਆ ਉਹ ਕੀਤਾ।'

ਉਨ੍ਹਾਂ ਦੇ ਸਰੀਰ ਨੇ ਜੋ ਕਾਰਜ ਕੀਤਾ ਉਹ ਬਹੁ-ਪੱਖੀ ਤੇ ਪ੍ਰਭਾਵੀ ਹੈ। ਉਸ ਦੇ ਕਈ ਰੂਪ ਹਨ। ਪਰ ਮੂਲ ਰੂਪ ਵਿਚ ਉਸ ਦਾ ਧੁਰਾ 'ਪਰਉਪਕਾਰ' ਤੇ ਸੇਵਾ ਰਿਹਾ। ਆਪ ਜੀ ਗੁਰੂ ਦੀ ਮੇਹਰ ਦੇ ਪਾਤਰ ਬਣੇ, ਗੁਰੂ ਪੰਥ ਦੀ ਅਨਿੰਨ ਸੇਵਾ ਕੀਤੀ। ਖਾਲਸਾ ਪੰਥ ਵਲੋਂ ਕਈ ਸਮਿਆਂ ਉਪਰ ਪ੍ਰਗਾੜ ਪ੍ਰਸ਼ੰਸਾ ਆਪ ਨੂੰ ਪ੍ਰਾਪਤ ਹੋਈ। ਤਖਤ ਸਾਹਿਬਾਨ ਤੋਂ, ਬਿਨਾਂ ਕਿਸੇ ਤਰ੍ਹਾਂ ਦੇ ਪ੍ਰਬੰਧਕੀ ਪ੍ਰਭਾਵ ਦੇ, ਆਪ ਨੂੰ ਹੁਕਮਨਾਮੇ ਬਖਸ਼ੀਸ਼ ਹੋਏ।

ਜੇਲ੍ਹ ਤੋਂ ਵਾਪਸੀ ਪਿਛੋਂ ਜਿੰਨੇ ਮੁਖ ਗੁਰਧਾਮਾਂ ਦੇ ਨੀਂਹ-ਪੱਥਰ ਰਖੇ ਗਏ, ਸਰੋਵਰਾਂ ਦੀ ਕਾਰ ਸੇਵਾ ਦੇ ਕਾਰਜ ਹੋਏ, ਆਪ ਜੀ ਨੂੰ ਪੰਜਾਂ ਪਿਆਰਿਆਂ ਵਿਚ ਸਤਿਕਾਰ ਸਹਿਤ ਸ਼ਾਮਲ ਕੀਤਾ ਜਾਂਦਾ ਰਿਹਾ। ਅਜੇਹੇ ਸਮਿਆਂ ਉਪਰ ਆਪ ਜੀ ਦੇ ਨਾਲ ਚੁਣੇ ਜਾਂਦੇ ਪੰਥ ਸੇਵਕਾਂ ਵਿਚੋਂ ਜੋ ਆਮ ਤੌਰ ਤੇ ਹਰ ਵਾਰ ਨਵੇਂ ਹੁੰਦੇ ਸੀ, ਜਦੋਂ ਕਿ ਆਪ ਜੀ ਹਰੇਕ ਨਵ-ਉਸਾਰੀ ਦੇ ਅਜੇਹੇ ਉਤਸਵਾਂ ਲਈ ਮੁੜ ਮੁੜ ਚੁਣੇ ਜਾਂਦੇ ਰਹੇ।

ਜ਼ਾਹਰ ਹੈ ਆਪ ਜੀ ਨੇ ਜੋ ਨਿਰਮਾਣ ਸੇਵਾ ਕੀਤੀ, ਖਾਲਸਾ ਪੰਥ ਨੇ ਉਸ ਉਪਰ ਫਖਰ ਕੀਤਾ, ਕਦਰ ਕੀਤੀ

ਅਤੇ ਆਪ ਜੀ ਦੀ ਘਾਲ ਕਮਾਈ ਥਾਂਇ ਪੈਣ ਦੀ ਪ੍ਰਵਾਨਗੀ ਬਖਸ਼ੀ ।

ਗੁਰਦੁਆਰਾ ਸੁਧਾਰ ਲਹਿਰ ਦੇ ਅਰੰਭ ਸਮੇਂ ਆਪ ਜੀ ਬਾਰੇ ਪੰਥਕ ਅਖਬਾਰਾਂ ਨੇ 'ਖਾਲਸਾ ਪੰਥ ਕੀ ਸੋਨੇ ਕੀ ਚਿੜੀਆ' ਦੇ ਹੈਡਿੰਗ ਹੇਠਾਂ (ਸ਼ੇਰੇ ਪੰਜਾਬ ਅਤੇ ਅਕਾਲੀ ਅਖਬਾਰ ਵਿਚ) ਆਪ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਵਾਲੇ ਆਪ ਜੀ ਬਾਰੇ ਲਗਾਤਾਰ ਲੇਖ ਲਿਖੇ । "ਗੁਰਦਵਾਰਾ ਸੁਧਾਰ ਲਹਿਰ ਦਾ ਪਹਿਲਾ ਕੈਦੀ" ਪੈਂਫਲਿਟ ਭਾਰੀ ਗਿਣਤੀ ਵਿਚ ਛਾਪ ਕੇ ਵੰਡਿਆ ਗਿਆ ਤੇ ਅਖਬਾਰਾਂ ਵਿਚ ਇਸ ਨੂੰ ਲੜੀਵਾਰ ਛਾਪਿਆ ਤਾਂ ਜੁ ਗੁਰਦਵਾਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਵਾਲੇ, ਇਕ ਸਿੰਘ ਦੀ ਕਰਨੀ ਸਾਹਮਣੇ ਰੱਖਣ । ਆਪ ਜੀ ਦੀ ਰਿਹਾਈ ਉਤੇ 'ਰੋਜ਼ਾਨਾ ਕੌਮੀ ਦਰਦ' ਦਾ ਵਿਸ਼ੇਸ਼ ਅੰਕ ਨਿਕਲਿਆ । ਸਿਖ ਸੰਗਤਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਜੁੜੇ ਇਕੱਠਾਂ ਅੰਦਰ ਆਪ ਜੀ ਨੂੰ ਸਿਰੋਪਾਓ ਤੇ ਮਾਨ ਪੱਤਰ ਦੇ ਕੇ ਨਿਵਾਜਿਆ ।

ਸਿੰਘ ਸਭਾ ਲਹਿਰ ਨੂੰ ਗੁਰਦਵਾਰਾ ਸੁਧਾਰ ਲਹਿਰ ਦੀ ਪੁਠ ਦੇ ਕੇ ਗੁਰਦਵਾਰਾ ਸੁਧਾਰ ਲਹਿਰ ਦੀ ਗਰਮ-ਜੋਸ਼ੀ ਵਾਲੀਆਂ ਸਿਖਰਾਂ ਤਕ ਪਹੁੰਚਾਉਣ ਵਿਚ ਆਪ ਜੀ ਦੀ ਸੇਵਾ ਹੋਰ ਮਹਾਨ ਹੈ । ਪਰ ਖਾਲਸਾ ਪੰਥ ਵਲੋਂ ਵੀ ਇਸ ਕਿਸਮ ਦਾ ਸਨਮਾਨ ਫ਼ੀ-ਜ਼ਮਾਨਾ ਕਿਸੇ ਹੋਰ ਵਿਅਕਤੀ ਦੇ ਸ਼ਾਇਦ ਹੀ ਹਿੱਸੇ ਆਇਆ ਹੋਵੇ । ਨਿਰਸੰਦੇਹ ਆਪ ਜੀ ਨੇ ਵੀ ਖਾਲਸਾ ਪੰਥ ਦੀ ਇਤਿਹਾਸਕ ਸੇਵਾ ਕੀਤੀ, ਸਿੱਖੀ ਸਿਦਕ ਦੀਆਂ ਔਖੀਆਂ ਮੰਜ਼ਲਾਂ ਪਾਰ ਕੀਤੀਆਂ, ਸਿੱਖੀ ਅਸੂਲਾਂ ਨੂੰ ਜਾਨ ਹੂਲ ਕੇ ਚਮਕਾਇਆ, ਉਧਰ ਖਾਲਸਾ ਪੰਥ ਨੇ ਵੀ ਆਪਣੇ ਸੇਵਕ ਨੂੰ ਸਚੇ ਦਿਲੋਂ ਸਤਿਕਾਰ ਬਖਸ਼ਣ ਦੀ ਬਖਸ਼ਸ਼ ਦੇ ਭੰਡਾਰ ਖੋਲ੍ਹੀ ਰਖੇ ।

ਉਨ੍ਹਾਂ ਦੀ ਅੰਤਮ ਇੱਛਾ ਸੀ, ਮੇਰੀ ਕੋਈ ਯਾਦ ਨਾ ਬਣੇ, ਜਥਾ ਵੱਖਰੀ ਸੰਪਰਦਾਇ ਦਾ ਰੂਪ ਨਾ ਧਾਰੇ । ਖਾਲਸਾ ਪੰਥ ਦੀ ਚੜ੍ਹਦੀ ਕਲਾ ਦੇ ਨਿਰਾਲੇ ਸਰੂਪ ਅਤੇ ਵਿਲੱਖਣ ਹਸਤੀ ਲਈ ਉਨ੍ਹਾਂ ਹਰ ਸਮੇਂ ਜ਼ੋਰ ਦਿੱਤਾ । ਅਜਿਹੇ ਪੰਥ ਸੇਵਕਾਂ ਦੀ ਯਾਦ ਉਨ੍ਹਾਂ ਦੀਆਂ ਭਾਵਨਾਵਾਂ ਅਗੇ ਵਧਾਉਣ ਨਾਲ ਹੀ ਮਨਾਈ ਜਾ ਸਕਦੀ ਹੈ ਜਾਂ ਅਜਿਹੇ ਬਾਨ੍ਹਣੂੰ ਬੰਨ੍ਹ ਕੇ ਜਿਨ੍ਹਾਂ ਨਾਲ਼ ਉਨ੍ਹਾਂ ਦੇ ਅਪਣਾਏ ਤੇ ਚਲਾਏ ਪ੍ਰੋਗਰਾਮ ਅਗੇ ਨੂੰ ਨਿਰੰਤਰ ਚਲਦੇ ਰਹਿਣ ਦਾ ਬਲ ਮਿਲੇ :

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥<br>
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥

—ਗੁਰਦਿੱਤ ਸਿੰਘ ਗਿਆਨੀ

---

# ਪਾਠਕਾਂ ਦੀ ਸੇਵਾ ਵਿਚ ਬੇਨਤੀਆਂ

- 'ਸਿੰਘ ਸਭਾ ਪੱਤ੍ਰਕਾ' ਹਰ ਮਹੀਨੇ ਦੇ ਦੂਜੇ ਹਫਤੇ ਵਿਚ ਡਾਕ ਵਿਚ ਪਾ ਦਿੱਤੀ ਜਾਂਦੀ ਹੈ । ਜਿਸ ਪਾਠਕ ਨੂੰ ਦੇਸ ਵਿਚ ਪਰਚਾ ੨੫ ਤਾਰੀਖ ਤਕ ਅਤੇ ਵਿਦੇਸ਼ ਦੇ ਹਵਾਈ ਡਾਕ ਰਾਹੀਂ ਮੰਗਵਾਣ ਵਾਲਿਆਂ ਨੂੰ ਮਹੀਨੇ ਦੇ ਅਖੀਰ ਤਕ ਨਾ ਪੁਜੇ ਉਹ ਤੁਰਤ ਦਫਤਰ ਨੂੰ ਲਿਖ ਭੇਜਣ ਦੀ ਕਿਰਪਾ ਕਰਿਆ ਕਰਨ । ਇਸ ਤੋਂ ਬਾਅਦ ਭੇਜੀ ਗਈ ਸੂਚਨਾ ਤੇ ਡੁਪਲੀਕੇਟ ਪਰਚਾ ਨਹੀਂ ਭੇਜਿਆ ਜਾ ਸਕੇਗਾ ।
- ਜਿਨ੍ਹਾਂ ਪਾਠਕਾਂ ਦੇ ਪਿਛਲੇ ਚੰਦੇ ਖਤਮ ਹੋ ਗਏ ਹਨ, ਦਫਤਰ ਵਲੋਂ ਉਨ੍ਹਾਂ ਨੂੰ ਕਾਰਡਾਂ ਰਾਹੀਂ ਅਗਲਾ ਚੰਦਾ ਭੇਜਣ ਲਈ ਬੇਨਤੀ ਕੀਤੀ ਗਈ ਹੈ । ਵੀ. ਪੀ. ਕਰਵਾਣ ਤੇ ਲਗ ਭਗ ੨.੫੦ ਰੁਪੈ ਵਧੇਰੇ ਖਰਚ ਹੁੰਦਾ ਹੈ । ਇਸ ਲਈ ਜਿਨ੍ਹਾਂ ਪਾਠਕਾਂ ਨੂੰ ਕਾਰਡ ਭੇਜੇ ਗਏ ਹਨ, ਉਹ ਆਪਣਾ ਚੰਦਾ ਮਨੀਆਰਡਰ ਰਾਹੀਂ ਜਲਦੀ ਹੀ ਭੇਜਣ ਦੀ ਕਿਰਪਾਲਤਾ ਕਰਿਆ ਕਰਨ ।
- ਹਰ ਪਾਠਕ ਦਾ ਫਰਜ਼ ਹੈ ਕਿ ਉਹ 'ਸਿੰਘ ਸਭਾ ਪੱਤ੍ਰਕਾ' ਦੇ ਘਟੋ ਘਟ ਦੋ ਦੋ ਹੋਰ ਮੈਂਬਰ ਬਣਾ ਕੇ ਗੁਰਮਤਿ ਪ੍ਰਚਾਰ ਦੇ ਇਸ ਮਹਾਨ ਸੇਵਾ ਦੇ ਕਾਰਜ ਵਿਚ ਆਪਣਾ ਹਿੱਸਾ ਪਾਣ ਦੀ ਕਿਰਪਾ ਕਰੇ ।